


**ISSN Print:** 2394-7500
**ISSN Online:** 2394-5869
**Impact Factor:** 8.4
IJAR 2022; 8(1): 166-172
www.allresearchjournal.com
Received: 28-11-2021
Accepted: 30-12-2021

**ਡਾ. ਰਜਨੀ ਬਾਲਾ**
(ਅਸਿਸਟੈਂਟ ਪ੍ਰੋਫ਼ੈਸਰ), ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਨਵੀਂ ਦਿੱਲੀ, ਭਾਰਤ

**Corresponding Author:**
**ਡਾ. ਰਜਨੀ ਬਾਲਾ**
(ਅਸਿਸਟੈਂਟ ਪ੍ਰੋਫ਼ੈਸਰ), ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਨਵੀਂ ਦਿੱਲੀ, ਭਾਰਤ

# ਦੁੱਗਲ ਦੀ ਸਵੈ ਜੀਵਨੀ ਵਿਚ ਸਵੈ ਪਛਾਣ ਦੀ ਨਿਰਮਾਣਕਾਰੀ

## ਡਾ. ਰਜਨੀ ਬਾਲਾ

## ਪ੍ਰਸਤਾਵਨਾ

ਸਵੈ ਜੀਵਨੀ ਵਿਚ ਲੇਖਕ ਆਪਣੇ ਬੀਤ ਚੁੱਕੇ ਜੀਵਨ ਨੂੰ ਭਾਸ਼ਾ ਰਾਹੀਂ ਪੁਨਰ ਸੁਰਜੀਤ ਕਰਦਾ ਹੈ। ਸਵੈ ਜੀਵਨੀ ਲੇਖਕ ਕਈ ਘਟਨਾਵਾਂ ਦੀ ਚੋਣ ਕਰਦਾ ਹੈ, ਕਈ ਨੂੰ ਛੱਡ ਦਿੰਦਾ ਹੈ ਤੇ ਕਈਆਂ ਦੀ ਕਾਂਟ-ਛਾਂਟ ਕਰਕੇ ਗਲਪੀ ਵਿਧੀਆਂ ਰਾਹੀਂ ਚਿਤਰਦਾ ਹੈ। ਸਵੈ ਜੀਵਨੀ ਉਤੇ ਪਹਿਲਾ ਪ੍ਰਸ਼ਨ ਚਿੰਨ੍ਹ ਇਹੋ ਲੱਗ ਜਾਂਦਾ ਹੈ ਕਿ ਕੀ ਸਵੈ ਜੀਵਨੀ ਵਿਚ ਕੋਈ ਲੇਖਕ ਆਪਣੇ ਜੀਵਨ ਦੇ ਵਾਸਤਵਿਕ ਸੱਚ ਨੂੰ ਹੂਬਹੂ ਪੇਸ਼ ਕਰ ਸਕਦਾ ਹੈ ਜਾਂ ਉਹ ਵਾਸਤਵਿਕ ਸੱਚ ਦੀ ਓਟ ਵਿਚ ਸੰਭਾਵਿਤ ਸੱਚ ਨੂੰ ਘੜਦਾ ਹੈ। ਇਹ ਘੜਿਆ ਗਿਆ ਸੱਚ ਜਦੋਂ ਵਾਸਤਵਿਕ ਸੱਚ ਨੂੰ ਵਿਸਥਾਪਤ ਕਰਦਾ ਹੈ ਤਾਂ ਸਵੈ ਜੀਵਨੀਕਾਰ ਦੁਆਰਾ ਨਿਰਮਤ ਸਵੈ ਪਛਾਣ ਵਿਚੋਂ ਬਹੁਤ ਸਾਰੇ ਖੱਪੇ /ਅੰਤਰ ਵਿਰੋਧ ਉਜਾਗਰ ਹੁੰਦੇ ਹਨ।

ਅਤੀਤ ਦੀਆਂ ਘਟਨਾਵਾਂ ਜਾਂ ਸਿਮਰਤੀਆਂ ਵਿਚੋਂ ਭਾਸ਼ਾ ਰਾਹੀਂ ਸਵੈ ਨੂੰ ਘੜਨਾ ਆਪਣੇ ਆਪ ਵਿਚ ਇਕ ਚੁਣੌਤੀ ਹੈ। ਸਵੈ ਜੀਵਨੀ ਦਾ ਲੇਖਕ ਵਰਤਮਾਨ ਦੇ ਕਿਸੇ ਬਿੰਦੂ 'ਤੇ ਖਲੋ ਕੇ ਅਤੀਤ ਦੇ ਸਫ਼ਰ ਨੂੰ ਬਿਆਨ ਕਰਦਾ ਹੈ। ਜਾਂ ਇਹ ਕਹਿ ਸਕਦੇ ਹਾਂ ਕਿ ਜੀਵਨ ਦੇ ਅੰਤ 'ਤੇ ਪਹੁੰਚ ਕੇ ਜੀਵਨ ਦੇ ਆਰੰਭ ਨੂੰ ਮੁੜ ਪੇਸ਼ ਕਰਦਾ ਹੈ I ਲੇਖਕ ਆਪਣੇ ਆਰੰਭ ਵਾਲੇ ਆਪਣੇ ਮਾਸੂਮ ਤੇ ਭੋਲੇ-ਭਾਲੇ ਸਵੈ ਨੂੰ, ਜੀਵਨ ਦੇ ਕਿਸੇ ਖ਼ਾਸ ਬਿੰਦੂ 'ਤੇ ਜਾ ਕੇ ਜਦ ਚਿਤਰਦਾ ਹੈ ਤਾਂ ਉਹ ਆਪਣੀ ਪ੍ਰੌਢ ਸੋਚ ਰਾਹੀਂ ਮੁੱਢਲੇ ਜੀਵਨ ਨੂੰ ਘੜ ਰਿਹਾ ਹੁੰਦਾ ਹੈ। ਸੋ ਸਵੈ ਦੀ ਇਹ ਪੇਸ਼ਕਾਰੀ, ਵਾਸਤਵਿਕ ਵਰਤਾਰੇ ਦੀ ਬਜਾਏ ਇਕ ਭਾਸ਼ਾਈ ਘਾੜਤ ਹੁੰਦੀ ਹੈ। ਭਾਸ਼ਾ ਰਾਹੀਂ ਕਿਸੇ ਵਰਤਾਰੇ ਦੀ ਹੂਬਹੂ ਪੇਸ਼ਕਾਰੀ ਸਮੱਸਿਆਪੂਰਨ ਹੈ।

ਦੁੱਗਲ ਦੀ ਸਵੈ ਜੀਵਨੀ 'ਕਿਸੁ ਪਹਿ ਖੋਲਉ ਗੰਠੜੀ' ਨੂੰ ਜਦੋਂ ਪੜ੍ਹਨਾ ਸ਼ੁਰੂ ਕਰਦੇ ਹਾਂ ਤਾਂ ਦੁੱਗਲ ਦੀ ਸ਼ਖ਼ਸੀਅਤ ਬਾਰੇ ਕੋਈ ਬਹੁਤੀ ਪ੍ਰੇਰਕ ਤੇ ਸਾਕਾਰਾਤਮਕ ਰਾਇ ਨਹੀਂ ਬਣਦੀ ਪਰ ਇਸ ਦੇ ਅੰਤ ਵਿਚ ਨੈਸ਼ਨਲ ਬੁੱਕ ਟਰੱਸਟ ਦੀ ਨੌਕਰੀ ਤੱਕ ਪਹੁੰਚਣ ਤੋਂ ਬਾਅਦ ਦੁੱਗਲ ਪ੍ਰਤੀ ਪਾਠਕਾਂ ਵਾਲੀ ਇਕ ਸ਼ਰਧਾ ਭਾਵਨਾ ਪੈਦਾ ਹੋ ਜਾਂਦੀ ਹੈ। ਸਵੈ ਜੀਵਨੀ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਉਸ ਦੀ ਅੱਧੀ ਤੋਂ ਵੱਧ ਜ਼ਿੰਦਗੀ ਰੇਡੀਓ ਸਟੇਸ਼ਨ ਉਤੇ ਕੰਮ ਕਰਦਿਆਂ ਬੀਤੀ ਜਾਂ ਇਸ ਵਿਚਲੇ ਵਿਅਕਤੀਆਂ ਨਾਲ ਜੁੜੇ ਵਿਭਿੰਨ ਤਰ੍ਹਾਂ ਦੇ ਤਜਰਬਿਆਂ ਵਿਚੋਂ ਲੰਘੀ ਹੈ। ਬਾਕੀ ਉਸ ਦੇ ਔਰਤਾਂ ਨਾਲ ਸੰਬੰਧਾਂ ਦੇ ਬਿਆਨ ਬਾਰੇ, ਆਪਣੇ ਸਕੂਲ ਕਾਲਜ ਦੇ ਦਿਨਾਂ ਬਾਰੇ, ਆਪਣੇ ਲੇਖਣ ਬਾਰੇ, ਵੰਡ ਬਾਰੇ ਤੇ ਵੱਖ-ਵੱਖ ਉੱਚੀਆਂ ਪਦਵੀਆਂ ਬਾਰੇ ਬਿਰਤਾਂਤਕ ਵੇਰਵੇ ਦਰਜ ਹਨ। ਹਥਲੇ ਅਧਿਐਨ ਵਿਚ ਦੁੱਗਲ ਦੀ ਸਵੈ-ਨਿਰਮਾਣਕਾਰੀ ਨੂੰ ਸਮਝਣ ਲਈ ਉਸ ਦੀ ਸਵੈ ਜੀਵਨੀ ਤੋਂ ਇਲਾਵਾ ਉਸ ਦੇ ਦੂਜੇ ਸਮਕਾਲੀ ਲੇਖਕਾਂ ਨਾਲ ਹੋਏ ਸੰਵਾਦਾਂ ਤੋਂ ਵੀ ਮੱਦਦ ਲਈ ਗਈ ਹੈ। ਕਿਸੇ ਵਿਅਕਤੀ ਦੁਆਰਾ ਨਿਰਮਿਤ ਸਵੈ-ਪਛਾਣ ਨੂੰ ਜਿੱਥੇ ਸਭਿਆਚਾਰਕ ਮਾਨਸਿਕਤਾ ਪ੍ਰਭਾਵਿਤ ਕਰਦੀ ਹੈ ਉਥੇ ਉਸ ਨਾਲ ਜੁੜੇ ਉਸ ਦੇ ਕਿਸੇ ਸਮਕਾਲੀ ਨਾਲ ਚਰਚਾ ਕਰਨ ਉਪਰੰਤ ਜਦੋਂ ਮਿਲਾ ਕੇ ਦੇਖਿਆ ਜਾਂਦਾ ਹੈ ਤਾਂ ਬਹੁਤ ਹੀ ਅਦਭੁਤ ਸਿੱਟੇ ਸਾਹਮਣੇ ਆਉਂਦੇ ਹਨ ਜੋ ਉਸ ਵਿਅਕਤੀ ਨੇ ਖ਼ੁਦ ਵੀ ਆਪਣੇ ਬਾਰੇ ਵਿਚ ਬਿਆਨ ਨਹੀਂ ਕੀਤੇ ਹੁੰਦੇ। ਇਕ ਤਰ੍ਹਾਂ ਨਾਲ ਸਵੈ-ਜੀਵਨੀਕਾਰ ਪਾਠਕਾਂ ਦੀ ਕਚਹਿਰੀ ਵਿਚ ਖੜੇ ਹੁੰਦੇ ਹਨ ਜਿਨ੍ਹਾਂ ਦੇ ਸੱਚ-ਝੂਠ ਤੇ ਸਹੀ-ਗ਼ਲਤ ਦਾ

ਨਿਪਟਾਰਾ ਪਾਠਕਾਂ ਨੇ ਕਰਨਾ ਹੁੰਦਾ ਹੈ।

618 ਪੰਨਿਆਂ ਵਿਚ ਫੈਲੀ ਦੁੱਗਲ ਦੀ ਸਵੈ ਜੀਵਨੀ 'ਕਿਸੁ ਪਹਿ ਖੋਲਉ ਗੰਠੜੀ' 1917 ਤੋਂ 1985 ਈਸਵੀ ਤੱਕ ਦੀ 68 ਸਾਲਾਂ ਦੇ ਜੀਵਨ ਦੀ ਬਿਰਤਾਂਤਕਾਰੀ ਹੈ। ਇਸ ਸਵੈ ਜੀਵਨੀ ਵਿਚੋਂ ਦੁੱਗਲ ਦੀ ਜ਼ਿੰਦਗੀ ਕਈ ਤਰ੍ਹਾਂ ਦੇ ਰੰਗ ਨਜ਼ਰ ਆਉਂਦੇ ਹਨ। ਜਿਵੇਂ ਭਾਸ਼ਾ ਬਾਰੇ ਕਿਹਾ ਜਾਂਦਾ ਹੈ ਕਿ ਭਾਸ਼ਾ ਸੱਚ ਨੂੰ ਪੇਸ਼ ਨਹੀਂ ਕਰਦੀ ਬਲਕਿ ਘੜਦੀ ਹੈ ਉਸੇ ਤਰ੍ਹਾਂ ਦੁੱਗਲ ਦਾ ਆਪਣੇ ਸਵੈ ਬਾਰੇ ਭਾਸ਼ਾ ਰਾਹੀਂ ਘੜਿਆ ਸੱਚ ਕਈ ਅੰਤਰ-ਵਿਰੋਧਾਂ ਨਾਲ ਭਰਿਆ ਪਿਆ ਹੈ। ਆਪਣੇ ਸਵੈ ਦੀ ਨਿਰਮਾਣਕਾਰੀ ਵਿਚੋਂ ਦੁੱਗਲ ਇਕ ਬਹੁ-ਪੱਖੀ ਪ੍ਰਤਿਭਾ ਦਾ ਮਾਲਕ ਨਜ਼ਰ ਆਉਂਦਾ ਹੈ। ਕੋਈ ਸ਼ੱਕ ਨਹੀਂ ਉਸ ਦੀ ਕਹਾਣੀਕਾਰ ਵਜੋਂ ਮੌਲਿਕ ਪਛਾਣ ਸਥਾਪਤ ਹੋ ਚੁੱਕੀ ਸੀ। ਸਵੈ ਜੀਵਨੀ ਦੇ ਅੰਤ ਤੱਕ ਉਸ ਅੰਦਰ ਧਰਮ ਸੰਬੰਧੀ ਸੋਚ ਵਿਚ ਤਬਦੀਲੀ ਵਾਪਰਦੀ ਹੈ। ਉਹ ਧਰਮ ਦੀ ਲੋਅ ਵਿਚ ਧਰਮ ਨਿਰਪੱਖ ਦਿਖਾਈ ਦਿੰਦਾ ਹੈ ਤੇ ਆਪਣੇ ਅੰਦਰਲੀ ਸੱਚੀ ਸੁੱਚੀ ਸਿੱਖੀ ਨਾਲ ਨਿਭਦਾ ਹੈ ਤੇ ਇਸ ਸਿੱਖੀ ਦੀ ਬੇਹਤਰੀ ਲਈ ਕੰਮ ਵੀ ਕਰਦਾ ਹੈ। ਉਹ ਇਕੋ ਵੇਲੇ ਬੇਵੱਸ ਤੇ ਭਾਵੁਕ ਇਨਸਾਨ ਵੀ ਹੈ। ਉਸ ਦੇ ਅੰਦਰ ਸਹਿਜ, ਸਲੀਕਾ, ਨਿਰਪੱਖਤਾ ਤੇ ਦੂਜਿਆਂ ਦੀ ਬੁਰਾਈ ਨਾ ਕਰਨ ਦੀ ਪ੍ਰਵਿਰਤੀ ਭਾਰੂ ਰਹੀ ਹੈ। ਉਦਾਰਤਾ ਤਾਂ ਜਿਵੇਂ ਉਸ ਨੂੰ ਵਿਰਸੇ ਵਿਚ ਹੀ ਮਿਲੀ ਹੋਈ ਸੀ। ਕੁਲ ਮਿਲਾ ਕੇ ਉਹ ਅਸੂਲਾਂ ਦਾ ਸਖ਼ਤ ਅਨੁਗਾਮੀ ਨੌਕਰਸ਼ਾਹ ਸੀ। ਪੰਜਾਬੀ ਭਾਸ਼ਾ ਅਤੇ ਸਾਹਿਤ ਵਾਸਤੇ ਉਸ ਦੇ ਯੋਗਦਾਨ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ।

ਹੱਥਲੇ ਪਰਚੇ ਵਿਚ ਸਵੈ ਜੀਵਨੀ ਦੇ ਹਵਾਲੇ ਨਾਲ ਦੁੱਗਲ ਦੁਆਰਾ ਪੇਸ਼ ਉਸ ਦੀ ਜ਼ਿੰਦਗੀ ਦੇ ਸੱਚ ਨੂੰ ਦੋ ਤਰ੍ਹਾਂ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ । ਇਕ ਉਹ ਸੱਚ ਹੈ ਜੋ ਦੁੱਗਲ ਦੇ ਜੀਵਨ ਵਿਚ ਵਾਪਰਿਆ ਤੇ ਦੂਸਰਾ ਉਹ ਸੱਚ ਹੈ ਜਿਸ ਨੂੰ ਉਸ ਨੇ ਯਾਦਾਂ ਵਿਚੋਂ ਬਟੋਰ ਕੇ ਗਲਪੀ ਵਿਧੀਆਂ ਰਾਹੀਂ ਬਿਰਤਾਂਤ ਵਿਚ ਬੰਨ੍ਹਿਆ ਹੈ। ਆਪਣੇ ਬੀਤੇ ਵਾਸਤਵਿਕ ਸੱਚ ਬਾਰੇ ਜੋ ਬਿਰਤਾਂਤ ਉਹ ਘੜਦਾ ਹੈ ਉਸ ਵਿਚ ਬਹੁਤ ਸਾਰੇ ਖੱਪੇ ਹਨ ਤੇ ਕਈ ਵਾਰੀ ਉਸ ਵਿਚਲਾ ਬਿਰਤਾਂਤ ਵਰਣਨ ਹੀ ਉਸ ਦੇ ਘੜੇ ਜਾ ਰਹੇ ਸੱਚ ਨੂੰ ਵਿਸਥਾਪਤ ਕਰ ਜਾਂਦਾ ਹੈ। ਉਹ ਆਪਣੇ ਸਵੈ ਦੀ ਜੋ ਘਾੜਤ ਘੜਦਾ ਹੈ, ਉਸ ਵਿਚੋਂ ਹੀ ਉਸ ਦੀ ਸ਼ਖ਼ਸੀਅਤ ਦੇ ਕਈ ਅਣਕਹੇ ਤੱਥ ਵੀ ਉਜਾਗਰ ਹੁੰਦੇ ਹਨ।

ਦੁੱਗਲ ਨੇ ਆਪਣੀ ਸਵੈ ਜੀਵਨੀ ਵਿਚ ਆਪਣੀ ਕਿਸਮਤ ਕਰਕੇ ਜਾਂ ਸਾਹਿਤਕਾਰ ਜਾਂ ਫਿਰ ਸਰਕਾਰੀ ਅਫ਼ਸਰ ਹੋਣ ਕਰਕੇ ਮਿਲੀਆਂ ਖ਼ਾਤਰਾਂ ਦਾ ਜ਼ਿਕਰ ਏਨਾ ਜ਼ਿਆਦਾ ਕੀਤਾ ਹੈ ਕਿ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਸਾਰੀ ਕੁਦਰਤ ਤੇ ਖ਼ਾਸ ਕਰ ਔਰਤਾਂ ਦੁੱਗਲ ਦੀ ਖਿਦਮਤ ਵਿਚ ਖੜੀਆਂ ਹੋਣ। ਜਗ੍ਹਾ-ਜਗ੍ਹਾ ਅਜਿਹੇ ਅਣਗਿਣਤ ਵੇਰਵੇ ਮੌਜੂਦ ਹਨ। ਮੈਨਾ ਭਾਬੀ, ਭਾਬੀ ਸੰਤੀ, ਭਾਬੀ ਜਾਨ, ਕ੍ਰਿਸ਼ਨਾ, ਸੁਲਤਾਨਾ ਤੇ ਹੋਰ ਬੇਨਾਮ ਪ੍ਰੇਮਿਕਾਵਾਂ ਤੇ ਉਨ੍ਹਾਂ ਦੇ ਘਰ ਦੇ ਮੈਂਬਰ ਆਦਿ ਦੁੱਗਲ ਦੀਆਂ ਖ਼ਾਤਰਾਂ ਕਰਨ ਲਈ ਉਤਾਵਲੇ ਹੋਏ ਰਹਿੰਦੇ ਸਨ। ਕੁਝ ਉਦਾਹਰਨਾਂ ਦਿੱਤੀਆਂ ਜਾ ਰਹੀਆਂ ਹਨ:-

'ਜਦੋਂ ਤੱਕ ਮੈਂ ਗੱਡੀ ਵਿਚ ਨਹੀਂ ਬੈਠਾ, ਪਿਸ਼ਾਵਰ ਦੇ ਲੋਕਾਂ ਨੇ ਮੇਰੀਆਂ ਉਹ ਖਾਤਰਾਂ ਕੀਤੀਆਂ, ਉਹ ਖਾਤਰਾਂ ਕੀਤੀਆਂ, ਮੈਂ ਵੇਖ-ਵੇਖ ਕੇ ਹੈਰਾਨ ਹੁੰਦਾ ਰਹਿੰਦਾ।'[1]

'ਮੈਨੂੰ ਵੇਖ ਕੇ ਜਿਵੇਂ ਮਾਵੀਂ ਦੇ ਚੰਨ ਚੜ੍ਹ ਗਿਆ ਹੋਵੇ। ਕਿੰਨਾ ਚਿਰ ਬੈਠੀ ਮੇਰੀਆਂ ਖਾਤਰਾਂ ਕਰਦੀ ਰਹੀ। ਇਕਟਕ ਵੇਖੀ ਜਾਏ। ਭਰਿਆ-ਭਕੁੰਨਿਆਂ ਘਰ, ਉਸਨੂੰ ਕਿਸੇ ਦੀ ਪ੍ਰਵਾਹ ਨਹੀਂ ਸੀ। ਕੁਝ ਚਿਰ ਤੇ ਮੈਨੂੰ ਪੱਖੀ ਕਰਨ ਦੇ ਬਹਾਨੇ ਮੇਰੇ ਕੋਲ ਆ ਬੈਠੀ। ਇਕ ਸਾਹ ਗੱਲਾਂ ਕਰੀ ਜਾ ਰਹੀ ਸੀ, ਦੀਵਾਨਿਆਂ ਹਾਰ।......। ਮੇਰੇ ਵੱਲ ਵੇਖਦੀ ਤੇ ਇੰਜ ਲਗਦਾ ਜਿਵੇਂ ਘੁਟ-ਘੁਟ ਕਿਸੇ ਨੂੰ ਕੋਈ ਪੀ ਰਿਹਾ ਹੋਵੇ। ਅੰਤਾਂ ਦੀ ਪਿਆਸ। ਮਾਵੀਂ ਮੇਰੇ ਨਾਲ ਗੱਲਾਂ ਕਰਦੀ, ਮੇਰੇ ਵੱਲ ਵੇਖਦੀ ਜਿਵੇਂ ਉਤਾਵਲੀ ਹੋ ਰਹੀ ਹੋਵੇ। ਕਦੀ ਨੌਕਰ ਨੂੰ ਆਵਾਜ਼ ਦਿੰਦੀ, ਕਦੀ ਕਿਸੇ ਬੱਚੇ ਨੂੰ, ਕਦੀ ਕਿਸੇ ਬੱਚੇ ਨੂੰ ਕੁਝ ਕਰਨ ਲਈ ਕਹਿੰਦੀ। ਉਹਦੀਆਂ ਹਰਕਤਾਂ ਵੇਖ ਕੇ ਮੈਨੂੰ ਕੁਤਕੁਤਾੜੀਆਂ ਹੋ ਰਹੀਆਂ ਸਨ।'[2]

'ਬੇਗਮ ਰਿਆਜ਼ ਪਰਦੇ ਪਿਛੇ ਖਲੋਤੀ, ਮੇਰੇ ਨਾਲ ਗੱਲਾਂ ਕਰਦੀ ਰਹੀ। ਜ਼ਮਾਨੇ ਭਰ ਦੀਆਂ ਗੱਲਾਂ। ਗੱਲਾਂ ਕਰਨ ਦੀ ਇਤਨੀ ਸ਼ੌਕੀਨ ਸੀ! ਬੇਗਮ ਰਿਆਜ਼ ਸ਼ਿਅਰ ਵੀ ਕਹਿੰਦੀ ਸੀ। ਫੇਰ ਆਪਣਾ ਕਲਾਮ ਸੁਨਾਉਣ ਲਗ ਪਈ। ਇਤਨਾ ਪਿਆਰਾ ਤਰੰਨਮ। ਨਾਲ-ਨਾਲ ਮੇਰੀ ਖਾਤਰ ਵੀ ਕਰਦੀ ਜਾਂਦੀ। ਪਹਿਲੇ ਉਸ ਨੇ ਸ਼ਰਬਤ ਦਾ ਗਲਾਸ ਤਸ਼ਤਰੀ ਤੇ ਰੱਖ ਕੇ ਪਰਦੇ ਪਿਛੋਂ ਮੈਨੂੰ ਪੇਸ਼ ਕੀਤਾ। ਫੇਰ ਪਾਨ ਬਣਾ ਕੇ ਤਸ਼ਤਰੀ ਨੂੰ ਅੱਗੇ ਵਧਾਇਆ। ਕੁਝ ਦੇਰ ਬਾਅਦ ਕਹਿਣ ਲਗੀ, "ਤੁਸੀਂ ਤੇ ਸਿਗਰਟ ਨਹੀਂ ਪੀਂਦੇ, ਜੇ ਤੁਸੀਂ ਬੁਰਾ ਨਾ ਮੰਨੋ ਤੇ ਮੈਂ ਸਿਗਰਟ ਲਾ ਲਵਾਂ।" ਮੁੜ ਮੁੜ ਮੈਂ ਤੁਰਨ ਲਈ ਉਠਦਾ, ਮੁੜ ਮੁੜ ਮੈਨੂੰ ਬਿਠਾ ਲੈਂਦੀ।'[3]

ਦੁੱਗਲ ਦੀ ਸਵੈ ਨਿਰਮਾਣਕਾਰੀ ਵਿਚ ਇਕ ਹੋਰ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਉਹ ਸਵੈ ਪ੍ਰਸੰਸਾ ਦੀ ਚਾਹਤ ਨਾਲ ਪੀੜਤ ਨਜ਼ਰ ਆਉਂਦਾ ਹੈ, ਜਿਸ ਕਾਰਨ ਵੱਡੇ ਕਹਾਣੀਕਾਰ ਵਜੋਂ ਸਥਾਪਤ ਉਸ ਦਾ ਅਕਸ ਹਾਸੋ ਹੀਣਾ ਪ੍ਰਤੀਤ ਹੁੰਦਾ ਹੈ। ਉਹ ਅਕਸਰ ਦੂਜਿਆਂ ਦੇ ਮੂੰਹੋਂ ਆਪਣੀ ਪ੍ਰਸੰਸਾ ਦੀ ਗੱਲ ਕਰਵਾਉਂਦਾ ਹੈ । ਪ੍ਰਤੀਤ ਹੁੰਦਾ ਹੈ ਕਿ ਉਸ ਨੂੰ ਆਪਣੀ ਕਾਬਲੀਅਤ ਉਤੇ ਲੋੜੋਂ ਵੱਧ ਮਾਣ ਰਿਹਾ ਹੈ।

'ਮਾਥੁਰ ਕਹਿਣ ਲੱਗੇ, 'ਦੁੱਗਲ ਦਾ ਮਾਮਲਾ ਬੜਾ ਅਫ਼ਸੋਸਨਾਕ ਹੈ, ਇਤਨੀ ਵਧੀਆ ਪ੍ਰਤਿਭਾ ਤੋਂ ਮਹਿਕਮਾ ਕੋਈ ਫਾਇਦਾ ਨਹੀਂ ਉਠਾ ਰਿਹਾ।'[4]

'ਉਸ ਸ਼ਾਮ ਖਾਣਾ ਇਮਤਿਆਜ਼ ਅਲੀ "ਤਾਜ" ਦੇ ਘਰ ਸੀ। ਇਮਤਿਆਜ਼ ਸਾਹਿਬ ਡਰਾਮੇ ਬਾਰੇ ਮੇਰੀ ਸੂਝ ਦੇ ਬੜੇ ਕਾਇਲ ਸਨ।'[5]

'ਉਹ ਅੰਤਾਂ ਦੀ ਵਫ਼ਾਦਾਰ ਤ੍ਰੀਮਤ ਸੀ, ਅੰਤਾਂ ਦਾ ਲਾਡ ਕਰਨ ਵਾਲੀ ਮਾਂ ਸੀ, ਪਰ ਇਕ ਵਾਰੀ ਸਾਡੀ ਦੋਸਤੀ ਹੋਈ ਤੇ ਮੁਹੱਬਤ ਦੀ ਦੀਵਾਨੀ ਜਿਵੇਂ ਕਿਸੇ ਨੇ ਕਿਸੇ 'ਤੇ ਟੂਣਾ ਕਰ ਦਿਤਾ ਹੋਵੇ, ਅੱਠੇ ਪਹਿਰ ਮੈਨੂੰ ਧਿਆਂਦੀ ਰਹਿੰਦੀ।'[6]

ਇਸੇ ਤਰ੍ਹਾਂ ਦੀ ਹੋਰ ਉਦਾਹਰਨ ਹੈ, ਜਿਸ ਵਿਚ ਦੁੱਗਲ ਨੇ ਇਕ ਕੁੜੀ ਦੀ ਆਪਣੇ ਬਾਰੇ ਸੰਭਾਵਤ ਕਲਪਨਾ ਰਾਹੀਂ ਆਪਣੀ ਪ੍ਰਸੰਸਾ ਵਿਚ ਆਪ ਲਿਖਿਆ ਹੈ । ਇਹ ਦੁੱਗਲ ਦੀ ਆਪਣੇ ਬਾਰੇ ਕਲਪਨਾ ਹੈ ਪਰ ਉਸ ਕੁੜੀ ਦੀ ਕਲਪਨਾ ਆਖ ਕੇ ਲਿਖਿਆ ਗਿਆ ਹੈ, 'ਉਹ ਅਜੇ ਵੀ ਗੁਣ ਗੁਣਾ ਰਹੀ ਸੀ। ਉਹਦੀਆਂ ਪਲਕਾਂ ਵਿਚ ਜਿਵੇਂ ਚਿਤਰਿਆ ਹੋਵੇ, ਤੇਰੀ ਸ਼ਰਾਫ਼ਤ

ਤੇਰੀ ਲਿਆਕਤ, ਤੇਰੇ ਕਿਰਦਾਰ ਦਾ ਚਰਚਾ ਹਰ ਜ਼ਬਾਨ ਤੇ ਹੈ। ਤੇਰੀਆਂ ਕਵਿਤਾਵਾਂ ਪੜ੍ਹ-ਪੜ੍ਹ ਕੇ ਤੇਰੇ ਚਾਹੁਣ ਵਾਲੇ ਤੈਨੂੰ ਇਕ ਨਜ਼ਰ ਦੇਖਣ ਲਈ ਸਹਿਕਦੇ ਰਹਿੰਦੇ ਹਨ। ਤੈਨੂੰ ਕੀ ਪਤਾ ਤੇਰੀਆਂ ਕਹਾਣੀਆਂ ਕਿਸ ਕਿਸ ਮਹਿਫਲ ਵਿਚ ਹੁੰਦੀਆਂ ਹਨ। ਕੌਣ ਕੌਣ ਤੇਰੇ ਸੁਫ਼ਨੇ ਵੇਖਦੀ ਹੈ। ਅਖ਼ਬਾਰ ਵਿਚ ਛਪਿਆ ਤੇਰਾ ਨਾਂ ਤੱਕ ਕੇ ਮੈਂ ਮੁੜ ਮੁੜ ਉਸ ਪੰਨੇ ਨੂੰ ਖੋਲ੍ਹ ਕੇ ਬਹਿ ਜਾਂਦੀ ਹਾਂ। ਮੈਨੂੰ ਤੇਰੀ ਹਰ ਕਵਿਤਾ ਜ਼ਬਾਨੀ ਯਾਦ ਏ। ਇਕ ਵਾਰ ਪੜ੍ਹਦੀ ਹਾਂ ਤੇ ਕੰਠ ਹੋ ਜਾਂਦੀ ਹੈ। ਮੈਂ ਤੇਰੀ ਹਰ ਕਹਾਣੀ ਕਈ-ਕਈ ਵਾਰ ਲੋਕਾਂ ਨੂੰ ਸੁਣਾਂਦੀ ਰਹਿੰਦੀ ਹਾਂ। ਤੂੰ ਕਿੱਥੇ ਤੇ ਮੈਂ ਕਿੱਥੇ ? ਇੰਜ ਉਹਦੀਆਂ ਅੱਖੀਆਂ ਵਿਚ ਚਿਤਰਿਆ ਹੋਇਆ ਇਹ ਸਭ ਕੁਝ ਪੜ੍ਹ ਰਿਹਾ ਮੇਰੀਆਂ ਅੱਖੀਆਂ ਮੀਟਦੀਆਂ ਗਈਆਂ, ਮੀਟਦੀਆਂ ਗਈਆਂ ਤੇ ਫੇਰ ਪਤਾ ਨਹੀਂ ਕਦੋਂ ਮੇਰੀਆਂ ਪਲਕਾਂ ਜੁੜ ਗਈਆਂ।'[7]

ਸਵੈ ਪ੍ਰਸੰਸਾ ਕਰਦੇ ਹੋਇਆਂ ਉਸ ਨੂੰ ਕੁਦਰਤ ਵੀ ਆਪਣੇ ਵਾਸਤੇ ਕਾਰਜ ਕਰਦੀ ਹੋਈ ਜਾਪਦੀ ਹੈ। ਮੁਸੀਬਤਾਂ ਤੋਂ ਵਾਹਿਗੁਰੂ ਨੇ ਉਸ ਨੂੰ ਬਚਾ ਕੇ ਰੱਖਿਆ ਹੈ ਜਿਸ ਦਾ ਜ਼ਿਕਰ ਉਹ ਆਪਣੀ ਸਵੈ ਜੀਵਨੀ 'ਚ ਵੀ ਕਰਦਾ ਹੈ ਤੇ ਅਜੀਤ ਕੌਰ ਨੂੰ ਦਿੱਤੀ ਇਕ ਇੰਟਰਵਿਊ ਵਿਚ ਵੀ ਕਰਦਾ ਹੈ। ਉਹ ਸ਼ੁਰੂ ਤੋਂ ਹੀ ਸਾਂਭ-ਸਾਂਭ ਕੇ ਪਾਲਿਆ ਗਿਆ ਹੈ । ਉਸ ਦੀਆਂ ਸਾਰੀਆਂ ਪ੍ਰਾਪਤੀਆਂ ਲਈ ਵੀ ਕਰਤਾਰੀ ਸ਼ਕਤੀਆਂ ਪਹਿਲਾਂ ਤੋਂ ਹੀ ਯੋਜਨਾਬੱਧ ਹਨ। ਹੋ ਸਕਦਾ ਹੈ ਇਸੇ ਕਾਰਨ ਅਜਿਹੇ ਬਹੁਤ ਵੇਰਵੇ ਹਨ ਜਿਸ ਵਿਚ ਦਿਖਾਈ ਦਿੰਦਾ ਹੈ ਕਿ ਉਹ ਮੁਸੀਬਤ ਨੂੰ ਦੂਰੋਂ ਹੀ ਸਲਾਮ ਕਰਦਾ ਸੀ ਕਿਉਂਕਿ ਦੁਖਾਂ ਨੂੰ ਉਹ ਆਪਣੀ ਕਿਸਮਤ ਦਾ ਹਿੱਸਾ ਹੀ ਨਹੀਂ ਮੰਨਦਾ।

ਦੁੱਗਲ ਨੇ ਆਪਣੇ ਆਪ ਨੂੰ ਲੋਕਾਂ ਦਾ ਭਲਾ ਕਰਨ ਵਾਲਾ ਦੱਸਿਆ ਹੈ, ਮਨੁੱਖੀ ਗੁਣਾਂ ਨਾਲ ਪਰਨਾਇਆ ਦੱਸਿਆ ਹੈ। ਪਰ ਉਸ ਦਾ ਸੁਭਾਅ ਲੋਕਾਂ ਨੂੰ ਮੁਸੀਬਤਾਂ ਵਿਚ ਦੇਖ ਕੇ ਦੂਰੋਂ ਹੀ ਸਲਾਮ ਆਖਣ ਵਾਲਾ ਵੀ ਰਿਹਾ ਹੈ। ਡਰ ਵਿਚ ਉਹ ਮੱਦਦ ਕਰਨ ਦੀ ਇੱਛਾ ਸ਼ਕਤੀ ਗੁਆ ਲੈਂਦਾ ਹੈ ਤੇ ਅਣਦੇਖਿਆ ਕਰਨ ਵਿਚ ਬਚਾਅ ਸਮਝਦਾ ਹੈ। ਉਸ ਨੇ ਇਹ ਜ਼ਿਕਰ ਕੀਤਾ ਹੈ ਕਿ ਇਕ ਵਾਰ ਪਿੰਡ ਵਿਚ ਸ਼ਾਮ ਨੂੰ ਮੀਂਹ-ਤੂਫ਼ਾਨ ਕਾਰਨ ਘਰਾਂ ਦਾ ਕਾਫ਼ੀ ਨੁਕਸਾਨ ਹੋਇਆ। ਮੀਂਹ ਰੁਕਣ 'ਤੇ 'ਅਜੇ ਲੋਕੀਂ ਆਪਣੇ ਆਪਣੇ ਘੁਰਣਿਆਂ ਵਿਚੋਂ ਨਿਕਲ ਕੇ ਵੇਖ ਹੀ ਰਹੇ ਸਨ ਕਿੱਥੋਂ ਕਿਤਨਾ ਕੁ ਨੁਕਸਾਨ ਹੋਇਆ ਸੀ; ਕਿਹੜੀ ਗੁਠ ਢਠੀ ਸੀ, ਕਿਹੜਾ ਛਤ ਚੋਇਆ ਸੀ, ਕਿਹੜਾ ਡੰਗਰ ਕਿੱਥੇ ਸੀ ਕਿ ਮੈਂ ਚੁਪਾਤੇ ਜਿਹੇ ਸਾਈਕਲ ਫੜ ਘਰ ਦੇ ਪਿਛੋਕੜ ਵਾਲੇ ਪਸਿੱਤੇ ਰਾਹ ਸ਼ਹਿਰ ਲਈ ਨਿਕਲ ਪਿਆ। .......। ਚੋਰਾਂ ਵਾਂਗ ਮੈਂ ਪਿੰਡ ਤੋਂ ਬਾਹਰ ਨਿਕਲ ਆਇਆ।.....। ਜੱਰਾਹੀ ਦਾ ਪੁਲ ਲੰਘ ਕੇ ਚਾਂਦਮਾਰੀਆਂ ਕੋਲ ਅਪੜਿਆ ਤਾਂ ਮੇਰਾ ਸਾਹ ਉਤੇ-ਦਾ-ਉਤੇ ਤੇ ਹੇਠ-ਦਾ-ਹੇਠ ਰਹਿ ਗਿਆ, ਸੜਕ ਕੰਢੇ ਇਕ ਸਾਈਕਲ ਪਈ ਸੀ, ਚਿੱਕੜ ਵਿਚ ਲਥ-ਪਥ, ਪਰ ਸਾਈਕਲ ਸਵਾਰ ਕਿਤੇ ਵੀ ਨਹੀਂ ਸੀ ਤੇ ਸੜਕ ਦਾ ਉਹ ਪਾਸਾ ਇਕ ਦਰੁੱਘ ਜਿਹਾ ਬਣਿਆ ਹਇਆ ਸੀ। ਦਰੁੱਘ ਉਤੇ ਸੜਕ ਦਾ ਭਾਰੀ ਬੋਹੜ ਜਿਵੇਂ ਉਲਰ ਕੇ ਮੂਧਾ ਪਿਆ ਹੋਵੇ। ਇਸ ਤੋਂ ਡਰਦਾ ਕਿ ਇਹ ਤਾਂ ਕੁਝ ਵੀ ਹੋ ਸਕਦਾ ਸੀ, ਸਾਈਕਲ ਦੇ ਸਵਾਰ ਦਾ ਪਤਾ ਨਹੀਂ ਕੀ ਹਸ਼ਰ ਹੋਇਆ ਹੋਵੇਗਾ, ਮੈਂ ਕੰਨ ਵਲੇਟ ਕੇ ਉਥੋਂ ਨਿਕਲ ਆਇਆ। ਜਿਉਂ-ਜਿਉਂ ਮੇਰੀ ਸਾਈਕਲ ਅੱਗੇ ਵਧਦੀ ਮੈਨੂੰ ਜਿਵੇਂ ਕਿਸੇ ਦੇ ਕਰਾਹੁੱਣ ਦੀ ਆਵਾਜ਼ ਆ ਰਹੀ ਹੋਵੇ। ਜਿਵੇਂ ਲਹੂ-ਲੁਹਾਨ ਕੋਈ ਮੱਦਦ ਲਈ ਪੁਕਾਰ ਰਿਹਾ ਹੋਵੇ। ਆਖ਼ਰੀ ਸੁਆਸ ਜਿਵੇਂ ਕੋਈ ਬੇਹਾਲ ਡੂੰਘੇ ਦਰੁੱਘ ਵਿਚ ਮੂਧਾ ਪਿਆ ਸੀ।'[8]

ਦੁੱਗਲ ਭਾਸ਼ਾ ਰਾਹੀਂ ਸਵੈ ਦੀ ਜੋ ਬਿਰਤਾਂਤਕਾਰੀ ਕਰਦਾ ਹੈ ਤੇ ਜੋ ਸੱਚ ਘੜਦਾ ਹੈ ਉਹ ਵਿਵਹਾਰਕ ਸਥਿਤੀਆਂ ਵਿਚ ਪੂਰੀ ਤਰ੍ਹਾਂ ਵਿਸਥਾਪਤ ਹੋ ਜਾਂਦਾ ਹੈ। ਉਹ ਆਪਣੇ ਆਪ ਨੂੰ ਭਾਵੁਕ ਕਿਸਮ ਦਾ ਛਲ-ਛਲ ਅੱਥਰੂ ਰੋਣ ਵਾਲਾ, ਖ਼ਾਮੋਸ਼ ਹੋ ਜਾਣ ਵਾਲਾ ਦਿਖਾਉਂਦਾ ਹੈ ਪਰ ਉਹ ਇਹ ਵੀ ਦੱਸ ਰਿਹਾ ਹੈ ਕਿ ਇਕ ਵਾਰ ਜਦੋਂ ਉਸ ਦੀ ਬਦਲੀ ਲਖਨਊ ਤੋਂ ਇੰਦੌਰ ਦੀ ਹੋਈ ਸੀ ਤਾਂ ਉਸ ਨੇ ਆਪਣੀ ਬੀਵੀ ਤੇ ਬੱਚਿਆਂ ਨੂੰ ਕੁਝ ਦਿਨਾਂ ਲਈ ਆਪਣੇ ਚਾਚੇ ਕੋਲ ਇਲਾਹਾਬਾਦ ਛੱਡ ਦਿੱਤਾ ਸੀ ਪਰ ਮਗਰੋਂ ਚਿੱਠੀ ਮਿਲੀ ਕਿ ਬੇਟੀ ਬਿੱਟੋ ਨੂੰ ਇਕ ਹਾਦਸੇ ਵਿਚ ਸੱਟ ਲੱਗ ਗਈ ਹੈ ਤਾਂ ਉਹ ਬਹੁਤ ਤੜਪਿਆ ਤੇ ਜਦੋਂ ਉਸ ਨੇ ਆਪਣੇ ਆਉਣ ਬਾਰੇ ਆਪਣੀ ਬੀਵੀ ਨੂੰ ਦੱਸਿਆ ਤਾਂ ਅੱਗੋਂ ਬੀਵੀ ਨੇ ਉਸ ਨੂੰ ਮਨ੍ਹਾਂ ਕਰ ਦਿੱਤਾ 'ਤੁਹਾਡੇ ਆਣ ਦੀ ਕੋਈ ਲੋੜ ਨਹੀਂ। ਬੱਚੀ ਚੰਗੀ-ਭਲੀ ਹੈ। ਜਦੋਂ ਹਸਪਤਾਲ ਤੋਂ ਸਾਨੂੰ ਛੁੱਟੀ ਮਿਲੇਗੀ ਅਸੀਂ ਇੰਦੌਰ ਆ ਜਾਵਾਂਗੇ।' ਉਹ ਅੱਗੇ ਲਿਖਦਾ ਹੈ 'ਮੈਂ ਬੱਚੀ ਨੂੰ ਵੇਖਣ ਲਈ ਤੜਪ ਰਿਹਾ ਸਾਂ ਪਰ ਆਇਸ਼ਾ ਆਪਣੀ ਜ਼ਿੱਦ 'ਤੇ ਕਾਇਮ ਸੀ। ਉਸ ਮੈਨੂੰ ਅਲਾਹਾਬਾਦ ਆਉਣ ਦੀ ਇਜਾਜ਼ਤ ਨਹੀਂ ਦਿੱਤੀ ।'[9] ਇਥੇ ਦੁੱਗਲ ਆਪਣੀ ਜ਼ਿੰਮੇਵਾਰੀ ਆਪਣੀ ਪਤਨੀ ਦੇ ਸਿਰ ਪਾ ਕੇ ਇਸ ਨੂੰ ਸਾਂਭਣ ਲਈ ਉਸ ਦੀ ਹਿੰਮਤ ਦੀ ਤਾਰੀਫ਼ ਕਰਕੇ ਖ਼ੁਦ ਸੁਰਖ਼ਰੂ ਰਹਿੰਦਾ ਹੈ ਕਿਉਂਕਿ ਜੇ ਬੱਚਾ ਮਹੱਤਵਪੂਰਨ ਹੈ ਤਾਂ ਉਸ ਨੂੰ ਮਿਲਣ ਲਈ ਤੇ ਦੇਖਣ ਲਈ ਪ੍ਰਵਾਨਗੀ ਦੀ ਜ਼ਰੂਰਤ ਨਹੀਂ ਪੈ ਸਕਦੀ। ਦੁੱਖ ਤੋਂ ਬਚਣ ਦੇ ਚੱਕਰ ਵਿਚ ਪਤਨੀ ਦੇ ਹੁਕਮ ਦਾ ਗੁਲਾਮ ਦਿਖਾਉਣਾ ਜ਼ਰੂਰੀ ਸਮਝਿਆ ਹੈ। ਉਹ ਕਿਤੇ ਨਾ ਕਿਤੇ ਇਸ ਅਪਰਾਧ ਬੋਧ ਥੱਲੇ ਦੱਬਿਆ ਮਹਿਸੂਸ ਹੁੰਦਾ ਹੈ । ਇਕ ਹੋਰ ਵਾਕਿਆ ਹੈ ਜੋ ਦੁੱਗਲ ਅੰਦਰ ਦੁੱਖ ਨੂੰ ਸਾਹਮਣੇ ਹੋ ਕੇ ਟਕਰਨ ਦੀ ਤਾਕਤ ਨਾ ਹੋਣ ਬਾਰੇ ਦੱਸਦਾ ਹੈ। ਉਹ ਦਿਨ ਆਜ਼ਾਦੀ ਦਾ ਦਿਨ ਸੀ ਤੇ ਉਨ੍ਹਾਂ ਦਿਨਾਂ ਵਿਚ ਰੇਡੀਓ ਸਟੇਸ਼ਨ ਉਤੇ ਸ਼ਰਨਾਰਥੀਆਂ ਦੇ ਪੈਗ਼ਾਮਾਂ ਨੂੰ ਬ੍ਰਾਡਕਾਸਟ ਕਰਨ ਦਾ ਕੰਮ ਜ਼ੋਰਾਂ-ਸ਼ੋਰਾਂ 'ਤੇ ਚੱਲ ਰਿਹਾ ਸੀ। ਦੁੱਗਲ ਦੇ ਦਫ਼ਤਰ ਸ਼ਾਮ ਦੇ ਹਨੇਰੇ ਵਿਚ ਦੋ ਭਰ ਜਵਾਨ ਭੈਣਾਂ ਅੰਦਰ ਆ ਵੜੀਆਂ। ਉਹ ਸ਼ੇਖੂਪੁਰੇ ਤੋਂ ਆਜ਼ਾਦੀ ਦੇ ਜਸ਼ਨ ਦੇਖਣ ਦਿੱਲੀ ਆਈਆਂ ਸਨ ਪਰ ਪਿਛੋਂ ਸ਼ੇਖੂਪੁਰਾ ਸ਼ਹਿਰ ਵਿਚ ਦੰਗੇ ਹੋਣ ਕਾਰਨ ਬੁਰਾ ਹਾਲ ਹੋਣ ਦੀ ਖ਼ਬਰ ਮਿਲ ਰਹੀ ਸੀ। ਉਨ੍ਹਾਂ ਦੇ ਮਾਪਿਆਂ ਦਾ ਕੁਝ ਪਤਾ ਨਹੀਂ ਸੀ, ਉਨ੍ਹਾਂ ਕੋਲ ਇਥੇ ਠਹਿਰਨ ਦੀ ਥਾਂ ਨਹੀਂ ਸੀ, ਉਨ੍ਹਾਂ ਦੇ ਪੈਸੇ ਵੀ ਖ਼ਤਮ ਹੋ ਗਏ ਸਨ। ਜਿਸ ਕਾਰਨ ਉਹ ਜ਼ਾਰੋ ਜ਼ਾਰ ਰੋ ਰਹੀਆਂ ਸਨ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਉਹ ਕਿੱਥੇ ਜਾਣ। ਦੁੱਗਲ ਲਿਖਦਾ ਹੈ,

'ਜਿਤਨੀ ਵੀ, ਜੋ ਕੁਝ ਵੀ ਮੈਂ ਉਨ੍ਹਾਂ ਦੀ ਮੱਦਦ ਕਰ ਸਕਦਾ ਸਾਂ,ਮੈਂ ਕੀਤੀ ਤੇ ਮੈਂ ਸ਼ੁਕਰ ਕੀਤਾ ਉਹ ਮੇਰੇ ਕਮਰੇ ਵਿਚੋਂ ਨਿਕਲੀਆਂ। ਮੈਨੂੰ ਇੰਜ ਲਗਦਾ ਮੈਂ ਕਿਸੇ ਵੇਲੇ ਵੀ ਫਿਸ ਪਵਾਂਗਾ। ਤੇ ਇੰਜ ਜਵਾਨ-ਜਹਾਨ ਕੁੜੀਆਂ ਦੇ ਸਾਹਮਣੇ ਆਪਣੀ ਬੇਵੱਸੀ ਦੇ ਅੱਥਰੂ ਰੋਣਾ ਮੈਨੂੰ ਮੰਜ਼ੂਰ ਨਹੀਂ ਸੀ।'[10]

ਇਸ ਤੋਂ ਬਾਅਦ ਦੁੱਗਲ ਲਿਖਦਾ ਹੈ ਕਿ ਉਸ ਨੇ ਸਾਹਿਰ ਲੁਧਿਆਣਵੀ ਦੇ ਰਹਿਣ ਦਾ ਬੰਦੋਬਸਤ ਕੀਤਾ ਤੇ ਭਾਬੀ ਜਾਨ ਦੇ ਇਕ ਰਿਸ਼ਤੇਦਾਰ ਰਿਆਜ਼ ਮਲਿਕ ਨੂੰ ਦੁੱਗਲ ਨੇ ਆਪਣੇ ਰਸੂਖ ਨਾਲ ਹਵਾਈ ਜਹਾਜ਼ ਰਾਹੀਂ ਉਸ ਦੀ ਪਿਆਰੀ ਸਾਈਕਲ ਸਮੇਤ ਸੁਰੱਖਿਅਤ ਲਾਹੌਰ ਪੁਚਾਇਆ ਸੀ। ਇਥੇ ਦੁੱਗਲ ਦੀ ਮੱਦਦ ਭਾਵਨਾ ਉਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ ਕਿ ਉਹ ਕੇਵਲ ਜਾਣ ਪਛਾਣ ਵਾਲਿਆਂ ਦੀ ਹੀ ਮੱਦਦ ਕਰ ਰਿਹਾ ਸੀ। ਉਸ ਦੀ ਮੱਦਦ ਦੀ ਭਾਵਨਾ ਵੀ ਆਪਣੇ ਪਰਾਏ ਦੇ ਫ਼ਰਕ ਵਿਚ ਵੰਡੀ ਹੋਈ ਹੈ।

ਉਸ ਨੇ ਆਪਣੀ ਜਵਾਨੀ ਵਿਚ ਵੱਖ ਵੱਖ ਕੁੜੀਆਂ ਜਾਂ ਔਰਤਾਂ ਨਾਲ ਬਣੇ ਸੰਬੰਧਾਂ ਨੂੰ ਇਕੋ ਵੇਲੇ ਬੜੇ ਰੁਮਾਂਟਿਕ ਤੇ ਸਦਾਚਾਰਕ ਲਹਿਜੇ ਵਿਚ ਬੰਨ੍ਹ ਕੇ ਪੇਸ਼ ਕੀਤਾ ਹੈ। ਇਉਂ ਜਾਪਦਾ ਹੈ ਜਿਵੇਂ ਦੁੱਗਲ ਔਰਤ ਮਰਦ ਸੰਬੰਧਾਂ ਦੀਆਂ ਸਮਾਜਿਕ ਸੀਮਾਵਾਂ ਨੂੰ ਸੁਚੇਤ ਤੌਰ 'ਤੇ ਪ੍ਰਵਾਨਦਾ ਹੋਇਆ ਆਪਣੀ ਪਛਾਣ ਨੂੰ ਇਕ ਅਦਭੁਤ ਅਤੇ ਵਿਲੱਖਣ ਕਿਸਮ ਦੇ ਮਰਦ ਵਜੋਂ ਸਥਾਪਤ ਕਰਨਾ ਚਾਹੁੰਦਾ ਹੈ ਜੋ ਨੇਮਾਂ ਨੂੰ ਤੋੜਨ ਦੀ ਲੋੜ ਅਤੇ ਇੱਛਾ ਨੂੰ ਆਪਣੇ ਕਾਬੂ ਵਿਚ ਰੱਖ ਸਕਦਾ ਹੈ। ਉਹ ਇਕੋ ਵੇਲੇ ਰੋਮਾਂਟਿਕ ਤੇ ਅਤਿ ਦੇ ਸੰਜਮੀ ਬਣੇ ਰਹਿਣ ਨੂੰ ਮਹੱਤਵਪੂਰਨ ਦਿਖਾਉਣ ਲਈ ਬਿਰਤਾਂਤ ਘੜਦਾ ਹੈ। ਉਹ ਵੱਖ-ਵੱਖ ਔਰਤਾਂ ਨਾਲ ਰੋਮਾਂਟਿਕ ਨੇੜਤਾ ਦੇ ਪਲਾਂ ਨੂੰ ਸਿਰਜਦਾ ਹੋਇਆ, ਖੁਦ ਨੂੰ ਸਦਾਚਾਰਕ ਦਿਖਾਉਣ ਦੀਆਂ ਦਲੀਲਾਂ ਪੇਸ਼ ਕਰਨ ਲੱਗ ਜਾਂਦਾ ਹੈ ਜਾਂ ਬਹੁਤੀ ਵਾਰ ਪਾਠਕ ਤੋਂ ਓਹਲਾ ਰੱਖ ਕੇ ਆਪਣੀ ਮਨਮਰਜ਼ੀ ਦੀ ਛਵੀ ਸਥਾਪਤ ਕਰਨ ਦਾ ਇੱਛੁਕ ਹੋ ਜਾਂਦਾ ਹੈ। ਅਜਿਹਾ ਲਿਖਣ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਹ ਜ਼ਿੰਦਗੀ ਦੇ ਜਿਸ ਮੌਜੂਦਾ ਪੜਾਅ ਉਤੇ ਖੜਾ ਹੋ ਕੇ ਲਿਖ ਰਿਹਾ ਹੈ ਉਥੋਂ ਉਹ ਬੀਤੇ ਸਮੇਂ ਦੇ ਆਪਣੇ ਇਸ ਚਰਿਤਰ ਦੇ ਇਨ੍ਹਾਂ ਪੱਖਾਂ ਨੂੰ ਸਮਾਜਿਕ ਨੇਮਾਂ ਦੀਆਂ ਸੀਮਾਵਾਂ ਵਿਚ ਰੱਖੇ ਹੋਣ ਦੇ ਆਧਾਰ 'ਤੇ ਅੱਜ ਦੇ ਸਮੇਂ ਵਿਚ ਉਚਿਆਉਣਾ ਚਾਹੁੰਦਾ ਹੈ। ਉਸ ਦੇ ਅਜਿਹੇ ਬਿਰਤਾਂਤ ਜ਼ਿਆਦਾ ਸ਼ੱਕ ਦੇ ਘੇਰੇ ਵਿਚ ਆਉਂਦੇ ਹਨ। ਦੁੱਗਲ ਨੇ ਆਪਣੀਆਂ ਸਾਰੀਆਂ ਮੁਹੱਬਤਾਂ ਨੂੰ ਬਹੁਤ ਆਦਰਸ਼ਕ ਤੇ ਸਦਾਚਾਰਕ ਕਿਸਮ ਦਾ ਪੇਸ਼ ਕੀਤਾ ਹੈ। ਇਹ ਸਭ ਔਰਤਾਂ ਅਸਲ ਨਾਲੋਂ ਕਹਾਣੀਆਂ ਦੀਆਂ ਪਾਤਰ ਵੱਧ ਲੱਗਦੀਆਂ ਹਨ ਜਿਵੇਂ ਉਨ੍ਹਾਂ ਦਾ ਗੋਰਾ ਰੰਗ, ਲਚ-ਲਚ ਕਰਦੇ ਮੱਖਣ ਦੇ ਪੇੜੇ ਅੰਗ, ਲੰਮੇ-ਲੰਮੇ ਵਾਲ, ਪਾਨ ਦੇ ਪੱਤੇ ਵਰਗਾ ਚਿਹਰਾ ਹਸੂੰ ਹਸੂੰ ਕਰ ਰਿਹਾ, ਸਿਆਹ ਗੋਲ-ਗੋਲ ਅੱਖੀਆਂ, ਕਜਲਾਈਆਂ ਅੱਖੀਆਂ ਵਿਚ ਜਾਦੂ ਮਚਲ ਰਹੇ, ਦੰਦ ਮੋਤੀਆਂ ਦੇ ਦਾਣੇ, ਨਾਜ਼ਕ ਹੋਂਠ, ਰਸ ਨਾਲ ਡੁਲ੍ਹੂੰ ਡੁਲ੍ਹੂੰ ਕਰ ਰਹੇ, ਸੁਰਖੀ ਲੱਗੇ ਹੋਂਠ, ਉਹਦੇ ਚਿਹਰੇ 'ਤੇ ਜਿਵੇਂ ਨੂਰ ਵਸ ਰਿਹਾ ਹੋਵੇ ਆਦਿ ਇਹ ਸੁਹੱਪਣ ਸਾਰੀਆਂ ਕੁੜੀਆਂ ਵਿਚ ਸਾਂਝਾ ਦਿਖਾਈ ਦਿੰਦਾ ਹੈ। ਦੁੱਗਲ ਇਨ੍ਹਾਂ ਸਾਰੀਆਂ ਔਰਤਾਂ ਨਾਲ ਰਿਸ਼ਤੇ ਨੂੰ ਇਕ ਖਾਸ ਸੀਮਾ ਦੇ ਅੰਦਰ ਵੱਧਦੇ-ਫੁੱਲਦੇ ਦਿਖਾਉਂਦਾ ਹੈ ਤੇ ਨਾਲ ਇਹ ਵੀ ਉਚੇਚੇ ਤੌਰ 'ਤੇ ਦੱਸਦਾ ਹੈ ਕਿ ਜਿਵੇਂ ਇਹ ਕੁੜੀਆਂ ਦੀ ਹੀ ਮਰਜ਼ੀ ਹੁੰਦੀ ਸੀ ਕਿ ਉਹ ਉਸ ਦੇ ਕਮਰੇ ਵਿਚ ਆਉਂਦੀਆਂ ਸਨ,

'ਕੋਈ ਚਾਦਰਾਂ ਝਾੜ ਕੇ ਮੁੜ ਵਿਛਾ ਜਾਂਦੀ, ਕੋਈ ਕਿਤਾਬ ਫੜਾਉਣ ਆ ਜਾਂਦੀ , ਕੋਈ ਕਿਤਾਬ ਲੈਣ ਆ ਜਾਂਦੀ, ਕੋਈ ਅੱਧੀ ਛੁੱਟੀ ਸਮੇਂ ਕੁਝ ਦੇਰ ਸੁਸਤਾ ਕੇ ਚਲੀ ਜਾਂਦੀ, ਕੋਈ ਉਸ ਦੇ ਕਮਰੇ ਦੀ ਸਫ਼ਾਈ ਕਰ ਜਾਂਦੀ ਤੇ ਕੋਈ ਆਉਂਦੀ ਬਿਜਲੀ ਦੀ ਕੇਤਲੀ ਤੇ ਚਾਹ ਜਾਂ ਕਾਫ਼ੀ ਤਿਆਰ ਕਰਦੀ, ਆਪ ਪੀਂਦੀ ਉਸਨੂੰ ਵੀ ਪਿਆਉਂਦੀ।[11]

ਇਸ ਬਾਰੇ ਇਹ ਅਜਿਹਾ ਜ਼ਾਹਿਰ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਇਸ ਤੋਂ ਬਾਅਦ ਉਨ੍ਹਾਂ ਦਾ ਪਾਕ-ਸਾਫ਼ ਰਿਸ਼ਤਾ ਬਣਿਆ ਰਹਿੰਦਾ ਹੈ। ਉਸ ਅਨੁਸਾਰ ਔਰਤਾਂ ਉਸ ਦੇ ਰਾਹ ਵਿਚ ਅੱਖਾਂ ਵਿਛਾਈ ਬੈਠੀਆਂ ਹਨ ਤੇ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹਨ।

'ਇਕ ਪਾਸੇ ਕ੍ਰਿਸ਼ਨਾ ਵਰਗੀਆਂ ਕੁੜੀਆਂ ਸਨ ਜਿਹੜੀਆਂ ਮੇਰੇ ਰਾਹਵਾਂ ਤੇ ਜਿਵੇਂ ਅੱਖੀਆਂ ਵਿਛਾਈ ਰੱਖਦੀਆਂ, ਮੇਰੀ ਮੁਹੱਬਤ ਲਈ ਕੋਈ ਵੀ ਕੁਰਬਾਨੀ ਦੇ ਸਕਦੀਆਂ ਸਨ ਤੇ ਦੂਜੇ ਪਾਸੇ ਕੋਈ ਸੀ ਜਿਸ ਦੀ ਯਾਦ ਜਿਵੇਂ ਇਕ ਕੰਡੇ ਵਾਂਗ ਮੇਰੇ ਕਲੇਜੇ ਵਿਚ ਪੁੜੀ ਹੋਈ ਸੀ, ਅੱਠੇ ਪਹਿਰ ਇਕ ਮਿੱਠਾ ਮਿੱਠਾ ਦਰਦ ਮੈਨੂੰ ਮਹਿਸੂਸ ਹੁੰਦਾ ਰਹਿੰਦਾ।'[12]

'ਮੈ ਹੈਰਾਨ ਸਾਂ, ਉਹ ਭਾਬੀ ਜਾਨ ਜਿਨ੍ਹਾਂ ਨੂੰ ਮੇਰੇ ਵਿਚ ਰੱਬ ਜਿੱਡਾ ਵਿਸਵਾਸ ਸੀ, ਉਹ ਭਾਬੀ ਜਾਨ ਜਿਨ੍ਹਾਂ ਲਈ ਮੇਰੇ ਮੂੰਹ ਵਿਚੋਂ ਨਿਕਲੀ ਕੋਈ ਗੱਲ ਪੱਥਰ 'ਤੇ ਲਕੀਰ ਹੁੰਦੀ ਸੀ, ਉਹ ਭਾਬੀ ਜਾਨ ਜਿਹੜੇ ਸਹਿਕਦੇ ਸਨ ਮੇਰੇ ਸਾਥ ਲਈ, ਜਿਨ੍ਹਾਂ ਦੀਆਂ ਨਜ਼ਰਾਂ ਅੱਠੇ ਪਹਿਰ ਮੇਰੇ ਰਾਹਵਾਂ 'ਤੇ ਲੱਗੀਆਂ ਰਹਿੰਦੀਆਂ ਸਨ, ਜਿਵੇਂ ਕਦਮ-ਕਦਮ ਮੈਥੋਂ ਦੂਰ ਹੁੰਦੇ ਜਾ ਰਹੇ ਸਨ।'[13]

ਦੁੱਗਲ ਆਪਣੇ ਆਪ ਨੂੰ ਸੰਜਮੀ ਤੇ ਸਦਾਚਾਰਕ ਦਿਖਾ ਕੇ ਦੁਨੀਆਂ 'ਤੇ ਇਕ ਮਿਸਾਲ ਕਾਇਮ ਕਰਨ ਦੇ ਆਹਰ ਵਿਚ ਲੱਗਦਾ ਹੈ, ਉਹ ਲਿਖਦਾ ਹੈ , 'ਹਯਾ ਦੀ, ਸੰਕੋਚ ਦੀ ਵਿੱਥ ਉਤਨੀ ਹੀ ਵਧਦੀ ਜਾਂਦੀ ਜਿਤਨੀ ਇਕ ਛੋਹ ਦੀ ਲਾਲਸਾ ਤੜਪਾਉਣ ਲੱਗਦੀ।'[14] ਉਸ ਨੇ ਜ਼ਿਆਦਾਤਰ ਸ਼ਾਦੀਸ਼ੁਦਾ ਔਰਤਾਂ ਨਾਲ ਡੂੰਘੀ ਮੁਹੱਬਤ ਕੀਤੀ। ਇਨ੍ਹਾਂ ਔਰਤਾਂ ਨਾਲ ਰਹਿੰਦਿਆਂ ਵੀ ਸਰੀਰਕ ਸੰਬੰਧ ਸਥਾਪਤ ਕਰਨ ਦੀ ਇੱਛਾ ਨੂੰ ਦਬਾਉਣ ਲਈ ਜ਼ਾਬਤੇ ਵਿਚ ਰਹਿਣ ਦਾ ਭੇਖ ਕੀਤਾ ਹੈ। ਉਸ ਦੀ ਭਾਸ਼ਾ ਇਸ ਗੱਲ ਦੀ ਗਵਾਹੀ ਦਿੰਦੀ ਹੈ ਕਿ ਭਾਵੇਂ ਕੁਝ ਵੀ ਹੋ ਜਾਵੇ ਦੁੱਗਲ ਸਰੀਰਕ ਸੰਬੰਧਾਂ ਨੂੰ ਜ਼ਾਹਿਰ ਕਰਨ ਦੇ ਹੱਕ ਵਿਚ ਨਹੀਂ। ਉਸ ਦੀ ਸੋਚ ਵਿਚ ਗ਼ੈਰ ਸਮਾਜਿਕ ਸਰੀਰਕ ਰਿਸ਼ਤੇ ਬਾਰੇ ਬਿਆਨ ਕਰਨਾ ਸਮਾਜਕ ਤੌਰ 'ਤੇ ਗੁਨਾਹ ਦਾ ਭਾਵ ਉਪਜਾਉਂਦਾ ਹੈ। ਉਹ ਹਰ ਔਰਤ ਨਾਲ ਬਹੁਤ ਕਰੀਬੀ ਰਿਸ਼ਤਾ ਸਿਰਜ ਕੇ ਖ਼ੁਦ ਨੂੰ ਪਾਕ-ਸਾਫ਼ ਤੇ ਸਦਾਚਾਰਕ ਦਿਖਾਉਣ ਲੱਗ ਜਾਂਦਾ ਹੈ ਜੋ ਯਥਾਰਥਕ ਨਹੀਂ ਜਾਪਦਾ ਪਰ ਉਸ ਦੀ ਭਾਸ਼ਾ ਉਸ ਦੇ ਸਵੈ ਸਿਰਜਤ ਬਿੰਬ ਦੇ ਵਿਰੋਧ ਵਿਚ ਖੜੀ ਨਜ਼ਰ ਆਉਣ ਲੱਗਦੀ ਹੈ।

'ਮੇਰੇ ਜੀਵਨ ਵਿਚ ਪਿਆਰ ਦਾ ਇਹ ਪਹਿਲਾ ਝੂਟਾ ਸੀ। ਤੇ ਇੰਜ ਜਾਪਦਾ ਜਿਵੇਂ ਇਸ ਮੈਨੂੰ ਝੰਜੋੜਕੇ ਰੱਖ ਦਿਤਾ ਹੋਵੇ। ਇਕ ਝੱਖੜ, ਜਿਸ ਦੇ ਸਾਹਮਣੇ ਸਾਰੇ ਮੇਰੇ ਇਕਰਾਰ, ਆਪਣੇ ਆਪ ਨਾਲ ਕੀਤੇ ਸਾਰੇ ਮੇਰੇ ਵਾਅਦੇ ਢਹਿ-ਢੇਰੀ ਹੋ ਗਏ। ਇਸ ਤੋਂ ਪਹਿਲੇ ਦੀਆਂ ਮੇਰੀਆਂ ਮੁਹੱਬਤਾਂ, ਜਿਵੇਂ ਮਿੱਟੀ ਦੇ ਦੀਵੇ ਹੋਣ। ਫਿੱਕੀ-ਫਿੱਕੀ ਰੋਸ਼ਨੀ ਟਿਮਟਿਮਾ ਰਹੇ।[15]

ਕਈ ਰਿਸ਼ਤੇ ਤਾਂ ਪਾਠਕਾਂ ਲਈ ਬਿਲਕੁਲ ਸਪੱਸ਼ਟ ਸਨ, 'ਕੋਈ ਇਕ ਮਹੀਨਾ ਹਸੀਬ ਤੇ ਭਾਬੀ ਜਾਨ ਕਸ਼ਮੀਰ ਰਹੇ। ਜਦੋਂ ਹਸੀਬ ਦੀ ਛੁੱਟੀ ਖਤਮ ਹੋਈ, ਉਹ ਭਾਬੀ ਜਾਨ ਨੂੰ ਸ੍ਰੀਨਗਰ ਹੀ ਛੱਡ ਆਇਆ ਤੇ ਓਹਦਾ ਤਕਾਜ਼ਾ ਸੀ ਕਿ ਕੁਝ ਦਿਨਾਂ ਲਈ ਮੈਂ ਕਸ਼ਮੀਰ ਚਲਾ ਜਾਵਾਂ ਤਾਂ ਜੋ ਭਾਬੀ ਜਾਨ ਦਾ ਸਾਥ ਰਹੇ। ਮੈਂ ਟਾਲੇ ਜਾ ਰਿਹਾ ਸਾਂ। ਉਧਰ ਭਾਬੀ ਜਾਨ ਦੀਆਂ ਤਾਰਾਂ ਤੇ ਤਾਰਾਂ ਆ ਰਹੀਆਂ ਸਨ। ਆਖਰ ਹਸੀਬ ਨੇ ਕਿਸੇ-ਨਾ-ਕਿਸੇ ਤਰ੍ਹਾਂ ਮੈਨੂੰ ਗੱਡੀ ਵਿਚ ਬਿਠਾ ਦਿੱਤਾ। ਰਸਤੇ ਵਿਚ ਇਕ ਦਿਨ ਪਿੰਡੀ ਰੁਕ ਕੇ ਮੈਂ ਭਾਬੀ ਜਾਨ ਕੋਲ ਸਾਂ। ਇਤਨੇ ਖਫ਼ਾ ਖਫ਼ਾ ਸਨ ਉਹ। ਮੈਂ ਕਿਤਨੀ ਇੰਤਜ਼ਾਰ ਕਰਵਾਈ ਸੀ।[16] ਉਹ ਦਿਖਾਉਂਦਾ ਹੈ ਕਿ ਲੋਕ ਉਸ ਦੇ ਦੀਵਾਨੇ ਹਨ ਉਹ ਲੋਕਾਂ ਦਾ ਦੀਵਾਨਾ ਨਹੀਂ। ਉਸ ਦੀਆਂ ਦੋਸਤ ਔਰਤਾਂ ਅਕਸਰ ਵਿਆਹੁਤਾ ਤੇ ਬੱਚਿਆਂ ਵਾਲੀਆਂ ਬਣੀਆਂ, ਨਾਲ ਹੀ ਇਹ ਵੀ ਦਰਸਾਇਆ ਕਿ ਕਾਮ-ਵਾਸਨਾ ਹੋਰ ਭਾਵਾਂ ਨਾਲੋਂ ਨੀਵੇਂ ਦਰਜੇ ਦੀ ਭਾਵਨਾ ਹੈ। ਆਪਣਾ ਸਤ ਕਾਇਮ ਰੱਖਣ ਲਈ ਉਹ ਆਪਣੇ ਆਪ ਨੂੰ ਸੰਜਮੀ ਦਰਸਾਉਂਦਾ ਹੈ ਪਰ ਜਦੋਂ ਉਹ ਇਸ਼ਕ ਸੰਬੰਧਾਂ ਬਾਰੇ ਬਿਆਨ ਕਰਦਾ ਹੈ ਜਾਂ ਔਰਤ ਦਾ ਚਿਤਰਨ ਕਰਨ ਲੱਗਦਾ ਹੈ ਤਾਂ ਉਸਦਾ ਬਿਆਨ ਕਾਮੁਕ ਹੋ ਨਿਬੜਦਾ ਹੈ। ਦੁੱਗਲ ਦੀ ਮੁਹੱਬਤ ਕੇਵਲ ਦੁੱਗਲ ਹੀ ਸਮਝ ਸਕਦਾ ਹੈ। ਉਹ ਜਿਹੜੇ ਜਹਾਨ ਵਿਚਲੇ ਇਸ਼ਕ ਦੀ ਗੱਲ ਕਰਦਾ ਹੈ ਉਸ ਜਹਾਨ ਬਾਰੇ ਸ਼ਾਇਦ ਹੀ ਕੋਈ ਹੋਰ ਜਾਣਦਾ ਹੋਵੇ। ਉਹ ਔਰਤਾਂ ਬਾਰੇ ਕਾਮੁਕ ਬਿਆਨ ਤੇ ਸਵੈ ਦੇ ਸੰਜਮੀ ਵਿਹਾਰ ਦੇ ਵਿਰੋਧਾਭਾਸ ਵਿਚ ਫਸਿਆ ਨਜ਼ਰ ਆਉਂਦਾ ਹੈ।

ਦੁੱਗਲ ਦੁਆਰਾ 'ਸੰਤਾਲੀ' ਤੋਂ ਪਹਿਲਾਂ ਦਾ ਚਿਤਰਿਆ ਉਸ ਦਾ ਸੁਭਾਅ ਖਰ੍ਹਵਾ ਤੇ ਰੁੱਖਾ ਨਜ਼ਰ ਆਉਂਦਾ ਹੈ। ਅਜਿਹਾ ਉਸ ਦੇ ਬਚਪਨ ਦੀ ਇਕ ਝਲਕ 'ਚੋਂ ਦੇਖਿਆ ਜਾ ਸਕਦਾ ਹੈ।

"ਮੇਰੇ ਖੇਡਣ ਲਈ ਪਹਿਲੇ ਮੇਰੇ ਕੋਲ ਗੋਲ ਛੱਰਿਆਂ ਵਾਲੀ ਇਕ ਬੰਦੂਕ ਸੀ । ਵੱਧ ਤੋਂ ਵੱਧ ਉਹ ਚਿੜੀ ਨੂੰ ਮਾਰ ਸਕਦੀ ਸੀ। ਅਕਸਰ ਮੈਂ ਧਰਤੀ ਵਿਚ ਪੈਸਾ ਟਿਕਾ ਕੇ ਉਸਦਾ ਨਿਸ਼ਾਨਾ ਬਣਾਂਦਾ ਰਹਿੰਦਾ। ਫਿਰ ਮੈਨੂੰ 'ਡਾਇਨਾ' ਦੀ ਵੱਡੀ ਬੰਦੂਕ ਲਿਆ ਦਿੱਤੀ ਗਈ। ਇਸ ਬੰਦੂਕ ਵਿਚ ਟੋਪੀ ਵਾਲਾ ਛੱਰਾ ਪੈਂਦਾ ਸੀ ਤੇ ਇਸ ਨਾਲ ਕਬੂਤਰ ਤੇ ਘੁੱਗੀਆਂ ਦਾ ਸ਼ਿਕਾਰ ਹੋ ਸਕਦਾ ਸੀ। ਚਿੜੀਆਂ ਨੂੰ ਤਾਂ ਅਕਸਰ ਮੈਂ ਢਾਹ ਲੈਂਦਾ ਸਾਂ।"[17] ਉਂਝ ਉਹ ਆਪਣੇ ਆਪ ਨੂੰ ਇਕ ਭਾਵੁਕ ਇਨਸਾਨ ਵਜੋਂ ਚਿਤਰਦਾ ਹੈ ਪਰ ਉਸ ਦੀ ਭਾਸ਼ਾ ਅੰਤਰ-ਵਿਰੋਧ ਸਿਰਜਦੀ ਹੈ। ਅਜਿਹਾ ਹੋਰ ਥਾਂਵਾਂ 'ਤੇ ਵੀ ਦਰਜ ਹੈ। ਇਕ ਕਹਾਣੀਕਾਰ ਦੀ ਸੰਵੇਦਨਸ਼ੀਲਤਾ ਇਥੇ ਲੁਪਤ ਹੈ।

ਸਵੈ ਜੀਵਨੀ ਵਿਚ ਔਰਤਾਂ ਦੀ ਸਰੀਰਕ ਦਿਖ ਬਾਰੇ ਬੇਸ਼ੁਮਾਰ ਸ਼ਬਦਾਵਲੀ ਦਰਜ ਹੈ। ਉਹ ਆਪ ਮੰਨਦੈ, 'ਮੇਰੇ ਲਈ ਔਰਤ ਦੇ ਕਿਰਦਾਰ ਤੋਂ ਬਾਅਦ ਉਹਦੇ ਵਾਲਾਂ ਦੀ ਫਬਨ ਹਮੇਸ਼ਾ ਜਾਦੂ ਵਰਗਾ ਅਸਰ ਰਖਦੀ ਰਹੀ ਹੈ।'[18]

'ਵਸੋਂ-ਵਸੋਂ ਮੈਂ ਕਦੀ ਔਰਤ ਦੇ ਰੰਗ ਰੂਪ ਤੇ ਨਹੀਂ ਡੁੱਲਿHਆ। ਮੈਨੂੰ ਤੇ ਔਰਤ ਦਾ ਕਿਰਦਾਰ ਉਸ ਦੀ ਬਾਹਰੀ ਦਿੱਖ ਤੋਂ ਵਧੇਰੇ ਟੁੰਬਦਾ ਰਿਹਾ ਹੈ।'[19] ਜਦੋਂ ਕਿ ਇਸ ਦੇ ਉਲਟ ਦੁੱਗਲ ਨੇ ਕਈ ਥਾਂਵਾਂ 'ਤੇ ਅਨਜਾਣ ਔਰਤਾਂ ਲਈ ਵੀ ਬਾਹਰੀ ਸੁੰਦਰਤਾ ਨੂੰ ਮੱਧਕਾਲੀ ਕਿੱਸਾਕਾਰਾਂ ਵਾਂਗ ਬਿਆਨ ਕੀਤਾ ਹੈ। 'ਸਾਹਮਣੇ ਸ਼ਰਮਾ ਜੀ ਸਨ ਤੇ ਉਨ੍ਹਾਂ ਨਾਲ ਇਕ ਪਰੀਆਂ ਵਰਗੀ ਔਰਤ ਸੀ। ਅਤਿਅੰਤ ਪਿਆਰੀ ਤਰ੍ਹਾਂ ਸੰਵਰਿਆ ਹੋਇਆ ਮੋਟਾ ਭਾਰੀ ਜੂੜਾ ਜਿਸ ਵਿਚ ਚੰਬੇਲੀ ਦੀਆਂ ਕਲੀਆਂ ਦਾ ਇਕ ਗੁਛਾ ਉੜਸਿਆ ਹੋਇਆ ਸੀ । ਕਹਿਰਾਂ ਦਾ ਜੋਬਨ, ਉਸ ਦੇ ਬੁੱਤ ਤੇ ਨਜ਼ਰ ਨਹੀਂ ਟਿਕਦੀ ਸੀ।'[20]

ਦੁੱਗਲ ਦੇ ਲਈ ਔਰਤਾਂ ਆਪਣੀ ਬਾਹਰੀ ਦਿਖ ਦੇ ਆਧਾਰ 'ਤੇ ਜਾਂ ਅਤਿ ਦੀਆਂ ਸੋਹਣੀਆਂ ਹਨ ਜਾਂ ਕੋਝੀਆਂ। ਉਸ ਦੇ ਅਜਿਹੇ ਪੱਖਪਾਤੀ ਨਜ਼ਰੀਏ ਤੇ ਨਿਮਨ ਦਰਜੇ ਦੀ ਮਰਦਾਵੀਂ ਸੋਚ ਦੀ ਗਵਾਹੀ ਉਸ ਦੀ ਔਰਤਾਂ ਦੀ ਸਰੀਰਕ ਦਿੱਖ ਬਾਰੇ ਕੀਤੀ ਨਿੰਦਾ ਵਿਚੋਂ ਦੇਖੀ ਜਾ ਸਕਦੀ ਹੈ। 'ਹਿੰਦੂ ਕੁੜੀਆਂ ਵਿਚੋਂ ਇਕ ਮੂੰਹ ਚਿਤ ਲੱਗਦੀ ਸੀ, ਪਰ ਪੜ੍ਹਨ ਵਿਚ ਇਤਨੀ ਲਾਇਕ ਸੀ ਕਿ ਮਜਾਲ ਨਹੀਂ ਕੋਈ ਮੁੰਡਾ ਉਸ ਵੱਲ ਵੇਖ ਜਾਏ। .......ਅਤਿਅੰਤ ਸਲੀਕੇ ਦੇ ਕੱਪੜੇ ਪਾਉਂਦੀ, ਸਾਦ ਮੁਰਾਦੀ ਗੁੱਤ, ਗੋਰੀ ਚਿੱਟੀ ਜਿਵੇਂ ਮੱਖਣ ਦਾ ਪੇੜਾ ਹੋਵੇ, ਸੌ ਵਾਰ ਦੁੱਧ ਵਿਚ ਧੋਤਾ ਹੋਇਆ। ਚੰਬੇ ਦੀ ਕਲੀ ਵਰਗੀ ਖ਼ੁਸ਼ਬੂ। ਬਾਕੀ ਕੁੜੀਆਂ ਬੱਸ ਅੱਲਾ ਦਾ ਨਾਂ ਸਨ। ਉਨ੍ਹਾਂ ਨੂੰ ਕੋਈ ਖ਼ਤਰਾ ਨਹੀਂ ਸੀ। ਕੋਈ ਠਿੰਙਣੀ ਸੀ ਤੇ ਕੋਈ ਕਾਲੀ ਕਲੂਟੀ। ਇਸ ਤਰ੍ਹਾਂ ਦਾ ਮਾਲ ਜਿਨ੍ਹਾਂ ਤੋਂ ਮੁੰਡੇ ਆਪ ਤ੍ਰਾਂਹਦੇ ਰਹਿੰਦੇ।[21] ਇਕ ਹੋਰ ਜਗ੍ਹਾ ਲਿਖਿਆ ਹੈ, 'ਉਨ੍ਹਾਂ ਦਿਨਾਂ ਵਿਚ ਰੇਡੀਓ ਦੇ ਅਮਲੇ ਦੇ ਅਫ਼ਸਰ ਅਸੀਂ ਮਾਲ ਰੋਡ ਤੇ ਇਕ ਪੱਬ ਵਿਚ ਬੀਅਰ ਪੀਣ ਜਾਇਆ ਕਰਦੇ ਸਾਂ। ਅਕਸਰ ਅਸੀਂ ਰਲ ਕੇ ਜਾਂਦੇ ਤੇ ਸਾਡੀ ਖ਼ਾਸ ਤੌਰ ਤੇ ਖਾਤਰ ਹੁੰਦੀ। ਉਸ ਪੱਬ ਵਿਚ ਇਕ ਹਥਣੀ ਵਰਗੀ ਮੋਟੀ ਐਂਗਲੋ-ਇੰਡੀਅਨ ਔਰਤ ਬੈਠੀ ਰਹਿੰਦੀ ਸੀ। ਚਾਲ੍ਹੀਆਂ ਤੋਂ ਵਧੇਰੇ ਉਮਰ। ਗਾਹਕਾਂ ਦੇ ਮੇਜਾਂ ਤੇ ਜਾ ਕੇ ਉਨ੍ਹਾਂ ਨਾਲ ਬਹਿ ਕੇ ਇਕ-ਅੱਧ ਜਾਮ ਲਾ ਲੈਂਦੀ।.......। ਬੇਦੀ ਕਦੀ ਉਸ ਨੂੰ ਆਪਣੀ ਝੋਲੀ ਵਿਚ ਬਿਠਾਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਉਸ ਵਰਗੀ ਮੋਟੀ ਔਰਤ ਉਹਦੀ ਗੋਦੀ ਵਿਚ ਕਿਵੇਂ ਸਿਮਟਦੀ?'[22] ਉਸ ਦੇ ਅਜਿਹੇ ਕੋਝੇ ਬਿਆਨ ਉਸ ਦੀ ਅਖੌਤੀ ਸ਼ਾਇਸਤਗੀ 'ਤੇ ਸਵਾਲ ਕਰਦੇ ਹਨ। ਬਲਵੰਤ ਗਾਰਗੀ ਕਟਾਖ਼ਸ਼ ਨਾਲ ਗੱਲ ਕਰਦਾ ਹੈ ਕਿ ਉਂਝ ਦੁੱਗਲ ਫਰਾਈਡ ਦਾ ਭਗਤ ਹੈ ਪਰ ਰੇਡੀਓ ਸਟੇਸ਼ਨ ਵਿਚ ਤੀਵੀਆਂ ਤੇ ਕੁੜੀਆਂ ਨਾਲ ਉਸ ਦਾ ਵਰਤਾਓ ਸਦਾ ਰੁੱਖਾ ਤੇ ਖਰ੍ਹਵਾ ਰਿਹਾ ਹੈ। (ਬਾਅਦ ਵਿਚ ਇਹ ਭਾਵੇਂ ਠੀਕ ਹੋ ਗਿਆ ਸੀ)।[23] ਇਸ ਸੰਬੰਧੀ ਉਹ ਬਿਆਨ ਕਰਦਾ ਹੈ ,'ਤੇ ਫੇਰ ਇਕ ਦਿਨ ਉਹਦੀ ਬੱਚੀ ਵੇਖੀ, ਜਿਵੇਂ ਬਲੂੰਗੜਾ ਜਿਹੀ ਹੋਵੇ ਮਾਂ ਦੀ ਉਂਗਲ ਫੜੀ ਪੌੜੀਆਂ ਚੜ੍ਹ ਰਹੀ ਸੀ। ਮੈਂ ਤੇਜ਼-ਤੇਜ਼ ਪੌੜੀਆਂ ਲਹਿ ਗਿਆ, ਮੈਂ ਨਹੀਂ ਉਨ੍ਹਾਂ ਨੂੰ ਬੁਲਾਇਆ। ਔਰਤਾਂ ਦੀ ਇਹੀ ਤਾਂ ਮੁਸੀਬਤ ਹੁੰਦੀ ਏ;ਆਪਣੇ ਬੱਚਿਆਂ ਨੂੰ ਵੀ ਦਫ਼ਤਰ ਲੈ ਆਉਣਗੀਆਂ। [24] ਅਜਿਹੇ ਬਿਆਨਾਂ ਨਾਲ ਉਸ ਨੇ ਕਾਫ਼ੀ ਥਾਂਵਾਂ 'ਤੇ ਔਰਤ ਦੇ ਬਿੰਬ ਦਾ ਤਿ®ਸਕਾਰ ਕੀਤਾ ਹੈ।

ਦੁੱਗਲ ਨੇ ਆਪਣੇ ਆਪ ਨੂੰ ਕਿਧਰੇ ਵੀ ਆਜ਼ਾਦੀ ਘੁਲਾਟੀਏ ਦੇ ਤੌਰ 'ਤੇ ਨਿਰਮਤ ਨਹੀਂ ਕੀਤਾ ਹੈ । ਹੋ ਸਕਦੈ ਇਸ ਦਾ ਕਾਰਨ ਉਸ ਦਾ ਅੰਗਰੇਜ਼ ਸਰਕਾਰ ਦਾ ਨੌਕਰ ਹੋਣਾ ਰਿਹਾ ਹੋਵੇ। ਇਕ ਦੋ ਜਗ੍ਹਾ ਉਸ ਨੇ ਆਪਣੇ ਆਪ ਨੂੰ ਮਜ਼ਹਬੀ ਦੰਗਿਆਂ ਵੇਲੇ ਹਿੰਮਤੀ ਤੇ ਹੌਸਲੇ ਵਾਲਾ ਦਿਖਾਇਆ ਲੇਕਿਨ ਇਹ ਕਿਹੋ ਜਿਹੀ ਨਿਡਰਤਾ ਹੈ ਜੋ ਅੰਗਰੇਜ਼ ਦੇ ਵਿਰੁੱਧ ਹੋਣ ਅਤੇ ਆਜ਼ਾਦੀ ਦੇ

ਸੰਗਰਾਮ ਦਾ ਹਿੱਸਾ ਬਣਨ ਤੋਂ ਡਰਦੀ ਰਹੀ। ਅਜੀਤ ਕੌਰ ਨਾਲ ਗੱਲਬਾਤ ਦੌਰਾਨ ਉਹ ਦੱਸਦਾ ਹੈ ਕਿ 'ਅਸਲ ਵਿਚ ਸਾਡੀ ਪੀੜ੍ਹੀ ਨੂੰ ਆਜ਼ਾਦੀ ਦਾ ਬੁਖ਼ਾਰ ਚੜ੍ਹਿਆ ਹੋਇਆ ਸੀ। ਆਜ਼ਾਦੀ ਦੀ ਜੰਗ ਦਾ ਜਨੂੰਨ ਸਿਰਾਂ 'ਤੇ ਸਵਾਰ ਸੀ। ਇਕ ਅਜੀਬ ਲਗਨ ਸੀ, ਅੱਗ ਸੀ ਦਿਲਾਂ ਵਿਚ । ਉਸੇ ਅੱਗ ਵਿਚ ਮੈਂ ਵੀ ਪਿਘਲਿਆ ਹਾਂ, ਪੁਖਤਾ ਹੋਇਆ ਹਾਂ।'[25] ਅਸਲ ਵਿਚ ਉਸ ਦੇ ਬਿਆਨ ਰਾਹੀਂ ਇਹ ਪਤਾ ਲੱਗਦਾ ਹੈ ਕਿ ਉਸ ਨੂੰ ਸਿਰਫ਼ ਗ਼ੁਲਾਮੀ ਦਾ ਅਹਿਸਾਸ ਸੀ।

ਦੁੱਗਲ ਦੀਆਂ ਦੋਸਤੀਆਂ-ਯਾਰੀਆਂ ਹਮੇਸ਼ਾ ਵੱਡੇ-ਵੱਡੇ ਲੋਕਾਂ ਨਾਲ ਸਨ। ਉਹ ਉਨ੍ਹਾਂ ਨੂੰ ਖੁਸ਼ ਕਰਦਾ ਰਹਿੰਦਾ ਸੀ ਤੇ ਉਨ੍ਹਾਂ ਤੋਂ ਪ੍ਰਭਾਵਿਤ ਹੋਇਆ ਰਹਿੰਦਾ। ਸਵੈ ਜੀਵਨੀ ਵਿਚ ਕਈ ਥਾਂਈਂ ਇਸ ਸੰਬੰਧੀ ਵੇਰਵੇ ਆਏ ਹਨ ਜਿਵੇਂ 'ਵੱਡਾ ਧੌਲਰ ਜਿਹਾ ਘਰ, ਅਣਗਿਣਤ ਕਮਰੇ, ਵੱਡੇ ਵਜ਼ੀਰਾਂ ਤੇ ਡਿਪਟੀ ਕਮਿਸ਼ਨਰਾਂ ਦਾ ਦੋਸਤ ਹੋਣਾ' ਆਦਿ । ਬਲਵੰਤ ਗਾਰਗੀ ਤਾਂ ਉਸ ਨੂੰ ਝੋਲੀ ਚੁੱਕ ਵੀ ਕਹਿ ਲੈਂਦਾ ਹੈ। ਵੱਡੇ ਬੰਦਿਆਂ ਦੀਆਂ ਦੋਸਤੀਆਂ ਵਿਚ ਉਨ੍ਹਾਂ ਦੀ ਕਿਸੇ ਗੱਲ ਦਾ ਬੁਰਾ ਨਹੀਂ ਮਨਾਉਂਦਾ ਸੀ। ਇਥੋਂ ਤੱਕ ਕਿ ਉਸ ਨੇ ਆਪਣੀਆਂ ਕਈ ਕਿਤਾਬਾਂ ਵੀ ਵੱਡੇ ਅਹੁਦਿਆਂ ਵਾਲੇ ਰਾਜਿਆਂ/ਮਨਿਸਟਰਾਂ ਨੂੰ ਭੇਟ ਕੀਤੀਆਂ ਹਨ। ਇਸ ਗੱਲ ਦਾ ਚਰਚਾ ਬਲਵੰਤ ਗਾਰਗੀ ਨੇ ਕੀਤਾ ਹੈ। ਪੁਲਿਟਿਕਲ ਲਿੰਕ ਹੋਣ ਕਾਰਨ ਹੀ ਇਸ ਨੂੰ ਇਕ ਤੋਂ ਬਾਅਦ ਦੂਜੀ ਸਰਕਾਰੀ ਪਦਵੀ 'ਤੇ ਪਹੁੰਚਣ ਵਿਚ ਕੋਈ ਬਹੁਤੀ ਮੁਸ਼ਕਲ ਨਹੀਂ ਆਈ।

ਦੁੱਗਲ ਰੇਡੀਓ ਦੀ ਨੌਕਰੀ ਕਰਦਿਆਂ ਕਈ ਸ਼ਹਿਰਾਂ ਵਿਚ ਤਬਾਦਲੇ ਕਰਦਾ ਹੋਇਆ ਘੁੰਮਦਾ ਘੁਮਾਉਂਦਾ ਜਦੋਂ ਦਿੱਲੀ ਪੁੱਜਿਆ ਤਾਂ ਉਸ ਵਿਚ ਅੰਤਾਂ ਦੀ ਤਬਦੀਲੀ ਵਾਪਰ ਚੁੱਕੀ ਸੀ। ਜਿਹੜਾ ਦੁੱਗਲ ਬਚਪਨ ਵਿਚ ਆਪਣੇ ਪਿੰਡ ਧਮਿਆਲ ਦੇ ਮੁਸਲਮਾਨਾਂ ਦੇ ਬੱਚਿਆਂ ਨਾਲ ਦੋਸਤੀਆਂ ਵੀ ਕਰਦਾ ਸੀ ਤੇ ਮੁਸਲਮਾਨਾਂ ਲਈ ਮਨ ਵਿਚ ਕੌੜਤ ਵੀ ਰੱਖਦਾ ਸੀ( ਜਿਵੇਂ ਮੌਲਵੀ ਵਾਲੀ ਘਟਨਾ)ਉਸ ਨੇ ਕਈ ਥਾਂਈਂ ਬਚਪਨ ਵਿਚ ਮੁਸਲਿਮ ਵਿਰੋਧੀ ਵੇਰਵੇ ਦਿਤੇ ਹਨ ਜਿਵੇਂ ਮੁਸਲਮਾਨਾਂ ਦੇ ਘਰ ਦਾ ਨਾ ਖਾਣ ਬਾਰੇ, ਮੁਸਲਮਾਨਾਂ ਦੇ ਖੂਹ ਦਾ ਪਾਣੀ ਨਾ ਪੀਣ ਬਾਰੇ, ਉਥੇ ਨਾਲ ਹੀ ਜ਼ਿਆਦਾਤਰ ਉਸ ਦੇ ਦੋਸਤ ਮੁਸਲਮਾਨ ਹਨ। ਜਵਾਨੀ ਵੇਲੇ ਤੱਕ ਦੁੱਗਲ ਉਨ੍ਹਾਂ ਨਾਲ ਬੈਠ ਕੇ ਖਾਣਾ ਵੀ ਖਾਂਦਾ ਰਿਹਾ, ਪਾਰਟੀਆਂ ਕਰਦਾ ਰਿਹਾ ਤੇ ਮੁਹੱਬਤ ਵੀ ਕਰਦਾ ਸੀ। ਵਿਹਾਰਕ ਪੱਧਰ 'ਤੇ ਵਿਚਰਦਿਆਂ ਉਸ ਦੀ ਚੇਤਨਤਾ ਇਸ ਤਰ੍ਹਾਂ ਦੀਆਂ ਵੰਡੀਆਂ ਨੂੰ ਨਹੀਂ ਕਬੂਲਦੀ। ਵੰਡ ਤੋਂ ਬਾਅਦ ਇਹ ਬਿੰਬ ਕੱਟੜ ਮੁਸਲਮਾਨ ਅਤੇ ਹਿੰਦੂ ਸਿੱਖਾਂ ਲਈ ਗੁੱਸੇ ਵਾਲਾ ਬਣਦਾ ਹੈ ਪਰ 84 ਤੋਂ ਬਾਅਦ ਇਨ੍ਹਾਂ ਦੰਗਿਆਂ ਪਿੱਛੇ ਸਰਕਾਰ ਦੀ ਅਸਲ ਭੂਮਿਕਾ ਸਮਝ ਆਉਣ ਤੋਂ ਬਾਅਦ ਸਾਰੇ ਧਰਮਾਂ ਪ੍ਰਤੀ ਸਾਂਝੀਵਾਲਤਾ ਦਾ ਭਾਵ ਭਰ ਜਾਂਦਾ ਹੈ। ਸੋ ਉਸ ਵਿਚ ਇਸ ਸੰਬੰਧੀ ਰੂਪਾਂਤਰਨ ਵਾਪਰਦਾ ਹੈ।

ਦੁੱਗਲ ਆਪਣੇ ਲਿਖਣ ਦੀ ਆਦਤ ਦੇ ਆਦਿ ਬਿੰਦੂਆਂ ਬਾਰੇ ਗੱਲ ਕਰਦਾ ਲਿਖਦਾ ਹੈ ਕਿ ਜਦੋਂ ਉਹ ਲਾਹੌਰ ਗੌਰਮਿੰਟ ਕਾਲਜ ਜਾਂ ਫੋਰਮੈਨ ਕ੍ਰਿਸਚੀਅਨ ਕਾਲਜ ਵਿਚ ਅੰਗਰੇਜ਼ੀ ਦੀ ਐੱਮ.ਏ. ਲਈ ਦਾਖ਼ਲ ਹੋਇਆ ਤਾਂ ਐੱਮ.ਏ. ਦੇ ਪਰਚਿਆਂ ਦੀ ਤਿਆਰੀ ਕਰਦਿਆਂ ਉਸ ਨੇ ਕਿੰਨੀ ਮਿਹਨਤ ਕੀਤੀ:- ਐੱਮ.ਏ. ਅੰਗਰੇਜ਼ੀ ਦੇ ਛੇ ਪਰਚੇ ਸਨ। ਛੇਵਾਂ ਪਰਚਾ ਛੱਡ ਕੇ ਹਰ ਪਰਚੇ ਵਿਚ ਕਈ ਲੇਖਕ ਨਿਯਤ ਹੁੰਦੇ ਸਨ। ਹਰ ਲੇਖਕ ਬਾਰੇ ਕਈ ਕਈ ਕਿਤਾਬਾਂ ਹੁੰਦੀਆਂ, ਉਨ੍ਹਾਂ ਦੀਆਂ ਆਪਣੀਆਂ ਲਿਖੀਆਂ ਕਿਤਾਬਾਂ , ਉਨ੍ਹਾਂ ਦੀਆਂ ਕਿਤਾਬਾਂ ਬਾਰੇ ਲਿਖੀਆਂ ਕਿਤਾਬਾਂ। ਵੱਸ ਲੱਗਦੇ ਮੈਂ ਸਾਰੀਆਂ ਇਹ ਕਿਤਾਬਾਂ ਪੜ੍ਹਦਾ ਤੇ ਨੋਟ ਲੈਂਦਾ ਰਹਿੰਦਾ। ਸਾਰਾ ਦਿਨ,ਰਾਤ ਭਰ ਪੜ੍ਹਦਾ ਤੇ ਨੋਟ ਲੈਂਦਾ ਨਾ ਮੈਂ ਥੱਕਦਾ, ਨਾ ਹਾਰਦਾ। ਮੇਰੇ ਬਣਾਏ ਨੋਟਾਂ ਦੀਆਂ ਕਾਪੀਆਂ ਤੇ ਕਾਪੀਆਂ ਭਰੀਣ ਲੱਗੀਆਂ, ਅਲਮਾਰੀਆਂ ਤੁੰਨੀਆਂ ਜਾ ਰਹੀਆਂ ਸਨ। ਤੇ ਫੇਰ ਜਦੋਂ ਇਮਤਿਹਾਨ ਨੇੜੇ ਆਏ , ਮੈਨੂੰ ਹੱਥ ਪੈਰ ਪੈ ਗਏ। ਮੇਰੇ ਕੋਲ ਤੇ ਇਤਨੀ ਮਿਹਨਤ ਨਾਲ ਬਣਾਏ ਨੋਟਾਂ ਨੂੰ ਪੜ੍ਹਨ ਤੱਕ ਦਾ ਸਮਾਂ ਨਹੀਂ ਸੀ ਤੇ ਫਿਰ ਸਚਮੁੱਚ ਐੱਮ.ਏ. ਦੇ ਇਮਤਿਹਾਨ ਲਈ ਮੈਂ ਮਣਾਂ ਮੂੰਹੀਂ ਆਪਣੇ ਬਣਾਏ ਨੋਟਾਂ ਨੂੰ ਵੇਖੇ ਬਿਨਾ ਇਮਤਿਹਾਨ ਦੇਣ ਜਾ ਬੈਠਿਆ। ਜਦੋਂ ਕਦੀ ਵੀ ਮੈਂ ਆਪਣੀ ਇਸ ਹਰਕਤ ਬਾਰੇ ਸੋਚਦਾ ਹਾਂ ਮੈਨੂੰ ਆਪਣੇ-ਆਪ 'ਤੇ ਬੜਾ ਤਰਸ ਆਉਂਦਾ ਹੈ। ਕਿਤਨਾ ਜ਼ੁਲਮ ਮੈਂ ਆਪਣੇ-ਆਪ ਨਾਲ ਕਰਦਾ ਰਿਹਾ ਸਾਂ।[26]

ਦੁੱਗਲ ਦੇ ਰਚਨਾਤਮਕ ਕਰਮ ਦੀ ਤੇਜ਼ੀ ਵੀ ਧਿਆਨ ਖਿੱਚਦੀ ਹੈ। ਉਸ ਨੇ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਰਚਨਾਵਾਂ ਲਿਖੀਆਂ। 'ਮੇਰੇ ਮਾਮਲੇ ਵਿਚ ਕੁਝ ਕਠਿਨਾਈਆਂ ਸਨ। ਇਕ ਤਾਂ ਮੈਂ ਬਾਕਾਇਦਾ ਨਿਯਮਬੱਧ ਲਿਖਦਾ ਹਾਂ। ਹਰ ਰੋਜ਼ ਭਾਵੇਂ ਘਰ ਹੋਵਾਂ ਭਾਵੇਂ ਦੌਰੇ 'ਤੇ ,ਭਾਵੇਂ ਦੇਸ ਵਿਚ ਹੋਵਾਂ ਭਾਵੇਂ ਬਦੇਸ਼, ਸਵੇਰੇ ਸਰਘੀ ਵੇਲੇ ਉਠ ਕੇ ਮੈਂ ਲਿਖਣ-ਪੜ੍ਹਨ ਦਾ ਕੰਮ ਜ਼ਰੂਰ ਕਰਦਾ ਹਾਂ। ਪਹਿਲੀ ਚੀਜ਼ ਲਿਖਣਾ ਭਾਵੇਂ ਇਕ ਸਤਰ ਹੀ ਲਿਖਾਂ। ਜੇ ਲਿਖਣ ਦਾ ਮੂਡ ਨਾ ਬਣੇ ਤਾਂ ਮੈਂ ਪੜ੍ਹਨ ਲੱਗ ਪੈਂਦਾ ਹਾਂ। ਇਕ ਵਾਰ ਜਦੋਂ ਮੈਂ ਲਿਖਣ ਦੇ ਕਸਬ ਨੂੰ ਫੜ ਲਿਆ, ਹਮੇਸ਼ਾ ਇਸ ਨੂੰ ਮੈਂ ਆਪਣੀ ਜ਼ਿੰਦਗੀ ਵਿਚ ਪਹਿਲ ਦਿੱਤੀ। ਮੈਂ ਤੇ ਕਈ ਵਾਰੀ ਸੋਚਦਾ, ਖ਼ਬਰੇ ਸਰਕਾਰੀ ਨੌਕਰੀ ਵੀ ਮੈਂ ਇਸੇ ਲਈ ਕਰਦਾ ਰਿਹਾ ਹਾਂ ਤਾਂ ਜੋ ਆਰਥਕ ਬੇਫਿਕਰੀ ਨਾਲ ਮੈਂ ਲਿਖਣ-ਪੜਨ ਦਾ ਕੰਮ ਜਾਰੀ ਰੱਖ ਸਕਾਂ। ਇਸ ਤਰ੍ਹਾਂ ਕਦੀ-ਕਦੀ ਮੈਨੂੰ ਅਹਿਸਾਸ ਹੋਣ ਲੱਗ ਪੈਂਦਾ ਜਿਵੇਂ ਮੇਰਾ ਪ੍ਰਕਾਸ਼ਕ ਮੇਰੇ ਲਿਖਣ ਦੀ ਗਤੀ ਨਾਲ ਕਦਮ ਮੇਚ ਕੇ ਨਾ ਤੁਰ ਰਿਹਾ ਹੋਵੇ। ਲਖਨਊ ਵਿਚ ਮੇਰੇ ਕੋਲ ਕਈ ਮਸੌਦੇ ਤਿਆਰ ਪਏ ਸਨ, ਜਿਨ੍ਹਾਂ ਨੂੰ ਪ੍ਰਕਾਸ਼ਿਤ ਕਰਨਾ ਸੀ।'[27] ਬਲਵੰਤ ਗਾਰਗੀ ਇਸ ਆਦਤ 'ਤੇ ਟਿੱਪਣੀ ਕਰਦਾ ਹੈ ਕਿ ਦੁੱਗਲ ਸਵੇਰੇ ਅੰਮ੍ਰਿਤ ਵੇਲੇ ਬਾਣੀ ਪੜ੍ਹਦਾ ਹੈ ਤੇ ਸੈਂਕਸ ਦੀਆਂ ਕਹਾਣੀਆਂ ਲਿਖਦਾ ਹੈ। ਉਸ ਦੀਆਂ ਬਹੁਤੀਆਂ ਕਹਾਣੀਆਂ ਸਵੇਰੇ ਹੀ ਲਿਖੀਆਂ ਗਈਆਂ। ਸਾਢੇ ਅੱਠ ਵਜੇ ਤੱਕ ਉਹ ਉਤਨਾ ਕੰਮ ਕਰ ਚੁਕਦਾ ਹੈ,ਜਿੰਨਾ ਬਹੁਤੇ ਲੇਖਕ ਸਾਰਾ ਦਿਨ ਨਹੀਂ ਕਰਦੇ।[28]

ਦੁੱਗਲ ਨੇ ਆਪਣੀ ਘਰੇਲੂ ਜ਼ਿੰਦਗੀ ਦੀ ਬਜਾਏ ਆਪਣੇ ਘਰ ਤੋਂ ਬਾਹਰ ਕੰਮ-ਕਾਜ ਦਫ਼ਤਰ, ਸੜਕਾਂ, ਨਜ਼ਾਰਿਆਂ ਬਾਰੇ ਅਧਿਕ ਦ੍ਰਿਸ਼ ਚਿਤਰੇ ਹਨ ਜਿਸ ਕਾਰਨ ਅਸੀਂ ਉਸ ਦਾ ਕੋਈ ਘਰੇਲੂ ਬਿੰਬ ਨਹੀਂ ਚਿਤਰ ਸਕਦੇ, ਉਹ ਬਾਹਰੀ ਜ਼ਿੰਦਗੀ ਵਿਚ ਅਧਿਕ ਗਲਤਾਨ ਸੀ। ਉਹ ਅੰਤਰਮੁਖੀ ਵੀ ਸੀ ਪਰ ਆਪਣੇ ਅੰਦਰ ਵਾਪਰ ਰਹੇ ਹਾਲਾਤ ਨੂੰ ਘੱਟ ਹੀ ਚਿਤਰਦਾ ਸੀ। ਉਹ ਨੇਮ ਨਾਲ ਗੁਰਦੁਆਰੇ ਜਾ ਕੇ ਪਾਠ ਤੇ ਅਰਦਾਸ ਕਰਨ ਦੀ ਗੱਲ ਤਾਂ ਜ਼ਰੂਰ ਦੱਸਦੇ ਹਨ।

ਸਾਹਿਤਕਾਰ ਵਜੋਂ ਦੁੱਗਲ ਦੀ ਦੇਣ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ ਹੈ। ਉਸ ਨੂੰ ਕਹਾਣੀ ਦੀ ਤਕਨੀਕ ਉਤੇ ਪੂਰੀ ਮੁਹਾਰਤ ਹਾਸਲ ਸੀ, ਅੰਮ੍ਰਿਤਾ ਪ੍ਰੀਤਮ ਨੇ ਉਸ ਨੂੰ ਛੋਟੀ ਕਹਾਣੀ ਦਾ ਵੱਡਾ ਲੇਖਕ ਤੱਕ ਕਿਹਾ ਹੈ। ਬੇਸ਼ੱਕ ਦੁੱਗਲ ਦੀ ਕਲਮ ਦੀ ਕਲਾ ਦਾ ਕੋਈ ਸਾਨੀ ਨਹੀਂ ਤੇ ਉਸ ਨੇ ਕਹਾਣੀ ਨੂੰ ਪ੍ਰਤੀਬੱਧ ਤੇ ਸਮਰਪਣ ਨਾਲ ਰਚਿਆ। ਉਹ ਬੜਾ ਸੂਝਵਾਨ ਚਿੰਤਕ ਵੀ ਸੀ। ਅਤਰ ਸਿੰਘ ਅਨੁਸਾਰ ਦੁੱਗਲ ਕਹਾਣੀ ਰਚਦਾ ਨਹੀਂ ਕਹਾਣੀ ਨੂੰ ਵਰਤਦਾ ਹੈ। ਪਰ ਉਸ ਦੀ ਸਵੈਜੀਵਨੀ ਵਿਚਲੀ ਭਾਸ਼ਾ ਵਿਚ ਏਨਾ ਕੁਝ ਅਣਕਿਹਾ ਹੈ ਕਿ ਉਹ ਆਪਣੀਆਂ ਹੋਰ ਪ੍ਰਭਾਵਸ਼ਾਲੀ ਲਿਖਤਾਂ ਦੇ ਵਿਰੋਧ ਵਿਚ ਖੜਾ ਲਗਦਾ ਹੈ। ਉਸ ਨੇ ਜੋ ਆਪਣੇ ਆਪ ਨੂੰ ਨਿਰਮਤ ਕੀਤਾ ਹੈ ਉਸ ਵਿਚ ਕਈ ਖੱਪੇ ਹਨ। ਬੇਸ਼ੱਕ ਅਜਿਹੀਆਂ ਸ਼ਖ਼ਸੀ ਘਾਟਾਂ ਕਿਸੇ ਆਮ ਮਨੁੱਖ ਵਿਚ ਹੁੰਦੀਆਂ ਹੀ ਹਨ ਪਰ ਕਰਤਾਰ ਸਿੰਘ ਦੁੱਗਲ ਨੇ ਇਸ ਸਵੈ ਜੀਵਨੀ ਵਿਚ ਆਪਣੇ- ਆਪ ਨੂੰ ਕਦੇ ਆਮ ਮਨੁੱਖ ਵਜੋਂ ਸਥਾਪਤ ਨਹੀਂ ਕੀਤਾ।

## ਹਵਾਲੇ


1. ਕਰਤਾਰ ਸਿੰਘ ਦੁੱਗਲ, ਕਿਸੁ ਪਹਿ ਖੋਲਉ ਗੰਠੜੀ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1985. ਪੰਨਾ 335.
2. ਉਹੀ, ਪੰਨਾ 230.
3. ਉਹੀ, ਪੰਨਾ 332.
4. ਉਹੀ, ਪੰਨਾ 481.
5. ਉਹੀ, ਪੰਨਾ 328.
6. ਉਹੀ, ਪੰਨਾ 294.
7. ਉਹੀ, ਪੰਨਾ 261.
8. ਉਹੀ, ਪੰਨਾ 270-271.
9. ਉਹੀ, ਪੰਨਾ 497.
10. ਉਹੀ, ਪੰਨਾ 398.
11. ਉਹੀ, ਪੰਨਾ 285.
12. ਉਹੀ, ਪੰਨਾ 313.
13. ਉਹੀ, ਪੰਨਾ 380.
14. ਉਹੀ, ਪੰਨਾ 259.
15. ਉਹੀ, ਪੰਨਾ 265.
16. ਉਹੀ, ਪੰਨਾ 358.
17. ਉਹੀ, ਪੰਨਾ 32.
18. ਉਹੀ, ਪੰਨਾ 351.
19. ਉਹੀ, ਪੰਨਾ 366.
20. ਉਹੀ, ਪੰਨਾ 451.
21. ਉਹੀ, ਪੰਨਾ 206.
22. ਉਹੀ, ਪੰਨਾ 361.
23. ਬਲਵੰਤ ਗਾਰਗੀ, ਸ਼ਰਬਤ ਦੀਆਂ ਘੁੱਟਾਂ, ਨਵਯੁਗ ਪਬਲਿਸ਼ਰਜ਼,ਨਵੀਂ ਦਿੱਲੀ, 2010,ਪੰਨਾ 54.
24. ਕਰਤਾਰ ਸਿੰਘ ਦੁੱਗਲ, ਉਹੀ ਪੁਸਤਕ, ਪੰਨਾ 347.
25. ਅਜੀਤ ਕੌਰ, ਤਕੀਏ ਦਾ ਪੀਰ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1987,ਪੰਨਾ 51.
26. ਕਰਤਾਰ ਸਿੰਘ ਦੁੱਗਲ, ਉਹੀ ਪੁਸਤਕ, ਪੰਨਾ 281.
27. ਉਹੀ, ਪੰਨਾ 494.
28. ਉਹੀ, ਪੰਨਾ 306.